# ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?

ਅਤੇ ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਲ੍ਹ ਸ਼ਾਮ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸੀ, ਮੈਂ ਇੱਕ ਔਰਤ ਨੂੰ ਕਿਹਾ, "ਜੇ ਤੂੰ ਬੱਸ ਉਸੇ ਤਰ੍ਹਾਂ ਕਰੇਂ ਜਿਵੇਂ ਅਸੀਂ ਕਰਨ ਦੀ ਹਿਦਾਇਤ ਦਿੱਤੀ ਹੈ, ਤਾਂ ਇਹ ਹੋਵੇਗਾ...ਉਹ ਬੱਚਾ ਜਿਸ ਦੇ ਦਿਮਾਗ ਦੇ ਪਰਦਿਆਂ ਵਿੱਚ ਪਾਣੀ ਭਰ ਗਿਆ ਸੀ, ਇਹ ਸੁਕੜ ਜਾਵੇਗਾ" । ਅਤੇ ਬੱਚੇ ਦਾ ਸਿਰ ਸੁਕੜ ਗਿਆ, ਕਲ੍ਹ ਰਾਤ, ਇੱਕ ਡੋਰੀ ਦੇ ਮਾਪ ਅਨੁਸਾਰ ਅੱਧਾ ਇੰਚ । ਇਸ ਲਈ ਹੁਣ ਉਹ ਔਰਤ ਇਸ ਨੂੰ ਇਥੇ ਲੈ ਕੇ ਆਈ ਹੈ ।

2 ਹੁਣ, ਉਹ ਵਜ੍ਹਾ ਜਿਸ ਲਈ ਮੈਂ ਇਹ ਕੀਤਾ, ਭੈਣ, ਇਹ ਕਿਸੇ ਮਕਸਦ ਲਈ ਸੀ । ਸਮਝੇ? ਜੇ ਤੁਸੀਂ ਕੁਝ ਪਰਤੱਖ ਰੂਪ ਵਿੱਚ ਹੁੰਦਿਆ ਵੇਖ ਸਕਦੇ ਹੋ, ਤਾਂ ਇਹ ਤੁਹਾਡੀ ਨਿਹਚਾ ਨੂੰ ਵਧਾਵੇਗਾ ਤਾਂ ਕਿ ਤੁਸੀਂ ਵਿਸ਼ਵਾਸ ਵਿੱਚ ਬਣੇ ਰਹੋ । ਕਈ ਵਾਰ ਮੈਂ ਇਹ ਕਰਦਾ ਹਾਂ, ਹੋ ਸਕਦਾ ਹੈ, ਜਿਵੇਂ ਕਿਸੇ ਵਿਅਕਤੀ ਨੂੰ ਉੱਠਨ ਲਈ ਕਹਿੰਦਾ ਹਾਂ, ਇੱਕ ਜਾਂ ਦੋ ਕਦਮ ਤੁਰਨ ਲਈ, ਆਪਣਾ ਹੱਥ ਹਿਲਾਓ, ਆਪਣੀ ਉਂਗਲ ਨੂੰ ਹਿਲਾਓ, ਬੱਸ ਕੋਈ ਚੀਜ ਜਿਸ ਨੂੰ ਉਹ ਵਖਰੇ ਤਰੀਕੇ ਨਾਲ ਕਰ ਸਕਣ, ਇਸ ਲਈ ਕਿ ਉਹ ਵੇਖ ਸਕਣ ਕਿ ਇਹ ਸਭ ਠੀਕ ਹੈ । ਉਹ ਬੱਸ ਘਬਰਾ ਜਾਂਦੇ ਹਨ ਅਤੇ ਸੋਚਦੇ ਹਨ ਕਿ ਇਹ ਨਹੀਂ ਹੋਵੇਗਾ, ਪਰ ਇਹ ਤਾਂ ਹਰ ਵੇਲੇ ਹੋ ਰਿਹਾ ਹੁੰਦਾ ਹੈ । ਸਮਝੇ? ਇਸ ਨੂੰ ਹੋਣਾ ਹੀ ਹੈ ।

3 ਹੁਣ, ਕਿੰਨੇ ਚਾਹੁੰਦੇ ਕਿ ਉਹਨਾਂ ਨੂੰ ਪ੍ਰਾਰਥਨਾ ਵਿੱਚ ਯਾਦ ਕੀਤਾ ਜਾਵੇ? ਕੀ ਤੁਸੀਂ ਬੱਸ ਆਪਣੇ ਹੱਥਾਂ ਨੂੰ ਉਪਰ ਚੁਕੋਗੇ ਅਤੇ ਕਹੋਗੇ, "ਪ੍ਰਭੂ, ਇਹ ਬਖਸ਼ ਦੇ"? ਆਓ ਆਪਣੇ ਸਿਰਾਂ ਨੂੰ ਝੁਕਾਈਏ ।

4 ਪ੍ਰਭੂ, ਜਦ ਅਸੀਂ ਇਸ ਕਲੀਸਿਯਾ ਦਾ ਮਹਾਨ ਪੁਰਾਣਾ ਭਜਨ ਸੁਣਦੇ ਹਾਂ, ਜੋ ਮੇਰੇ ਬਹੁਮੁੱਲੇ ਦੋਸਤ, ਪੌਲ ਰੈਡਰ, ਦੁਆਰਾ ਲਿਖਿਆ ਗਿਆ ਹੈ, "ਸਿਰਫ਼ ਵਿਸ਼ਵਾਸ ਕਰੋ," ਅਸੀਂ ਹੁਣ ਇੱਕ ਲੜਕੇ ਬਾਰੇ ਸੋਚ ਰਹੇ ਹਾਂ, ਜਿਸ ਨੂੰ ਉਸਦਾ ਪਿਤਾ ਚੇਲਿਆਂ ਕੋਲ ਲੈ ਕੇ ਆਇਆ ਸੀ, ਅਜੇ ਦੱਸ ਦਿਨ ਵੀ ਨਹੀਂ ਹੋਏ ਸਨ ਜੱਦ ਯਿਸੂ ਨੇ ਉਹਨਾਂ ਨੂੰ ਸਮਰਥ ਦਿੱਤੀ ਸੀ ਕਿ ਉਹ ਭੂਤਾਂ ਨੂੰ ਕਢਣ ਅਤੇ ਬਿਮਾਰਾਂ ਨੂੰ ਚੰਗਾ ਕਰਨ ਅਤੇ ਇਥੇ ਉਹ ਇੱਕ ਮਿਰਗੀ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਹਾਰ ਗਏ ਸਨ । ਅਤੇ ਉਹਨਾਂ ਨੇ ਸਾਡੇ ਪ੍ਰਭੂ ਨੂੰ ਆਉਂਦੇ ਹੋਏ ਵੇਖਿਆ । ਅਤੇ ਪਿਤਾ ਦੋੜ ਕੇ ਗਿਆ ਅਤੇ ਕਿਹਾ, "ਪ੍ਰਭੂ, ਸਾਡੇ ਉੱਤੇ ਦਯਾ ਕਰ । ਮੇਰੇ ਪੁੱਤ੍ਰ ਨੂੰ ਦੁਸਟ ਆਤਮਾ ਬਹੁਤ ਸਤਾਉਂਦਾ ਹੈ । ਮੈਂ ਉਸ ਨੂੰ ਤੇਰੇ ਚੇਲਿਆਂ ਕੋਲ ਲੈ ਕੇ ਆਇਆ ਪਰ ਉਹ ਉਸ ਨੂੰ ਚੰਗਾ ਨਾ ਕਰ ਸਕੇ" ।

5 ਯਿਸੂ ਨੇ ਕਿਹਾ, "ਮੈਂ ਕਰ ਸਕਦਾ ਹਾਂ, ਜੇ ਤੂੰ ਵਿਸ਼ਵਾਸ ਕਰੇਂ । ਸਿਰਫ ਵਿਸ਼ਵਾਸ ਕਰ" । ਹੇ ਪਰਮੇਸ਼ੁਰ, ਤੂੰ ਉਦੋਂ ਤੋਂ ਜਰਾ ਵੀ ਨਹੀਂ ਬਦਲਿਆ: ਤੂੰ ਤਾਂ ਬੱਸ ਉਹੀ ਪ੍ਰੇਮੀ, ਮਿੱਠਾ ਅਤੇ ਦਯਾਲੂ ਪਰਮੇਸ਼ੁਰ ਹੈਂ । ਜਿਵੇਂ ਤੂੰ ਉਦੋਂ ਸੀ, ਉਸੇ ਤਰ੍ਹਾਂ ਹੀ ਤੂੰ ਅੱਜ ਹੈਂ । ਅਤੇ ਪ੍ਰਭੂ, ਉਸੇ ਪਿਤਾ ਦੀ ਤਰ੍ਹਾਂ ਅਸੀਂ ਸਾਰੇ ਪੁਕਾਰਦੇ ਹਾਂ, "ਪ੍ਰਭੂ, ਸਾਡੀ ਬੇਪਰਤੀਤੀ ਦਾ ਉਪਾਓ ਕਰੋ" । ਇਹ ਬਹੁਤ ਸਾਧਾਰਣ ਹੈ; ਪਿਤਾ ਅਸੀਂ ਇਹਦੇ ਉਪਰ ਹੀ ਲੜਖੜਾ ਜਾਂਦੇ ਹਾਂ ।

6 ਬੀਤੀ ਰਾਤ ਉਸ ਛੋਟੇ ਬੱਚੇ ਨੂੰ ਛੂਹਣ ਲਈ ਅਸੀਂ ਤੈਨੂੰ ਧੰਨਵਾਦ ਅਤੇ ਪ੍ਰਸ਼ੰਸਾ ਦੀ ਭੇਟ ਚੜਾਉਂਦੇ ਹਾਂ, ਉਸ ਖੋਪੜੀ ਨੂੰ ਵੇਖ ਕੇ ਜਿਹੜੀ ਸੁੱਜੀ ਹੋਈ ਸੀ ਜੋ ਹੱਡੀ ਬਾਹਰ ਨੂੰ ਨਿਕਲੀ ਹੋਈ ਸੀ, ਬੀਤੀ ਰਾਤ ਇਹ ਅੱਧਾ ਇੰਚ ਹੇਠਾਂ ਚਲੀ ਗਈ। ਅਸੀਂ ਇਸ ਲਈ ਸ਼ੁਕਰਗੁਜ਼ਾਰ ਹਾਂ, ਪਿਤਾ। ਜਦੋਂ ਅਸੀਂ ਜਾਣਦੇ ਹਾਂ ਕਿ ਸਾਡੇ ਡਾਕਟਰਾਂ ਦੀ ਖੋਜ ਵਿੱਚ ਇਹਦੇ ਲਈ ਕੁਝ ਨਹੀਂ ਹੈ, ਅਜਿਹਾ ਕੁਝ ਨਹੀਂ ਜੋ ਉਹ ਇਹਦੇ ਲਈ ਕਰ ਸਕਦੇ ਹਨ; ਪਰ ਤੂੰ ਅਜੇ ਵੀ ਪਰਮੇਸ਼ੁਰ ਹੈਂ, ਤੂੰ ਸਾਰਿਆਂ ਹਾਲਾਤਾਂ ਦਾ ਸੁਆਮੀ ਹੈਂ। ਪਿਤਾ ਅਸੀਂ ਤੇਰਾ ਧੰਨਵਾਦ ਕਰਦੇ ਹਾਂ। ਅਸੀਂ ਤੇਰਾ ਧੰਨਵਾਦ ਕਰਦੇ ਹਾਂ, ਇਸ ਮਾਂ ਦੀ ਵਫ਼ਾਦਾਰੀ, ਅਤੇ ਮਧੁਰਤਾ, ਅਤੇ ਡੋਰੀ ਨੂੰ ਵਾਪਸ ਲਿਆਉਣ ਦੀ ਆਗਿਆਕਾਰੀ ਲਈ ਅਤੇ ਇਸ ਨੂੰ ਇਸ ਕਾਗਜ ਦੇ ਟੁਕੜੇ ਚਿਪਕਾਉਣ ਲਈ, ਇਥੇ, ਤਾਂ ਕਿ ਲੋਕਾਂ ਨੂੰ ਪਰਮੇਸ਼ੁਰ ਦੀ ਮਹਿਮਾ ਦੇ ਲਈ ਆਪਣੀ ਗਵਾਹੀ ਵਿਖਾ ਸਕੇ। ਪ੍ਰਾਰਥਨਾ ਕਰਦਾ ਹਾਂ ਕਿ ਉਸਦਾ ਛੋਟਾ ਬੱਚਾ ਜਿਉਂਦਾ ਰਹੇ ਅਤੇ ਤੇਰੀ ਮਹਿਮਾ ਦੇ ਲਈ ਇੱਕ ਸੁਭਾਵਿਕ ਬਾਲਕ ਬਣੇ।

7 ਪਿਤਾ, ਉਨ੍ਹਾਂ ਸਾਰਿਆਂ ਹੱਥਾਂ ਵਲ੍ਹ ਵੇਖ ਜੋ ਉੱਪਰ ਉੱਠੇ ਹੋਏ ਸਨ। ਉਨ੍ਹਾਂ ਵਿਚੋਂ ਹਰੇਕ ਦੀ ਕੋਈ ਲੋੜ੍ਹ ਸੀ। ਪਿਤਾ, ਮੇਰਾ ਵੀ ਹੱਥ ਉੱਪਰ ਸੀ, ਮੈਨੂੰ ਵੀ ਲੋੜ੍ਹ ਹੈ। ਅਤੇ ਇਥੇ ਬਹੁਤ ਸਾਰੇ ਹਨ, ਪੱਤਰ ਦੇ ਰੂਪ ਵਿੱਚ ਜਾਂ ਇਸ ਬਕਸੇ ਵਿੱਚ, ਇਹ ਜਰੂਰਤਮੰਦ ਹਨ, ਉਹ ਲੋਕ ਹਨ ਜਿਹੜੇ ਸੱਚਮੁਚ ਜਰੂਰਤਮੰਦ ਹਨ। ਇਹ ਹੋ ਜਾਵੇ, ਪ੍ਰਭੂ ਕਿ ਅੱਜ ਰਾਤ ਹਰੇਕ ਨੂੰ ਉਹਦੀ ਬੇਨਤੀ ਅਨੁਸਾਰ ਮਿਲ ਜਾਵੇ। ਕਾਸ਼ ਕਿ ਉਹ ਇਸ ਮਾਂ ਦੀ ਗਵਾਹੀ ਨੂੰ ਇੱਕ ਮਿਸਾਲ ਦੀ ਤਰਾਂ ਲੈਣ, ਇਹ ਵਿਖਾਉਣ ਦੇ ਲਈ ਕਿ ਜਦੋਂ ਤੂੰ ਕੁਝ ਵੀ ਕਹਿੰਦਾ ਹੈਂ ਤਾਂ ਉਹ ਹੋ ਜਾਂਦਾ ਹੈ। ਇਹ…ਤੂੰ…ਸਾਨੂੰ ਜੋ ਕੁਝ ਕਰਨਾ ਹੈ ਉਹ ਇਹ ਹੈ ਕਿ ਇਸ ਨੂੰ ਸਵੀਕਾਰ ਕਰੀਏ ਅਤੇ ਇਸ ਤੇ ਅਮਲ ਕਰੀਏ। ਇਹ ਇੱਕ ਮੁਕੰਮਲ ਕੰਮ ਹੈ।

8 ਇਹ ਬਖ਼ਸ਼ ਦੇ, ਪ੍ਰਭੂ, ਕਿ ਇਨ੍ਹਾਂ ਪੱਤਰਾਂ ਅਤੇ ਰੁਮਾਲਾਂ ਨੂੰ ਜੱਦ ਲੋਕਾਂ ਉੱਤੇ ਰੱਖਿਆ ਜਾਵੇ ਤਾਂ ਉਹ ਚੰਗੇ ਹੋ ਜਾਣ। ਹਰੇਕ ਜਿਸ ਨੇ ਆਪਣਾ ਹੱਥ ਉੱਪਰ ਚੁਕਿਆ ਸੀ, ਪਿਤਾ, ਕਾਸ਼ ਉਹ ਆਪਣੇ ਦਿਲ ਦੀ ਇੱਛਾ ਨੂੰ ਪ੍ਰਾਪਤ ਕਰਣ। ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ। ਤੁਸੀਂ ਬੈਠ ਸਕਦੇ ਹੋ।

9 ਮੈਂ ਬੱਸ ਤੁਹਾਨੂੰ ਉਹ ਡੋਰੀ ਵਿਖਾਉਣਾ ਚਾਹੁੰਦਾ ਸੀ ਜਿਸਨੂੰ ਉਹ ਔਰਤ…ਤੁਸੀਂ ਉਥੇ ਹੋ। ਉਂ-ਹੂੰ। ਇਹ ਕਿ ਉਸ ਛੋਟੇ ਬੱਚੇ ਦਾ ਸਿਰ ਛੋਟਾ ਹੋ ਗਿਆ ਜਿਸ ਤਰ੍ਹਾਂ ਪ੍ਰਭੂ ਨੇ ਸਾਡੇ ਨਾਲ ਕਲ੍ਹ ਰਾਤ ਪਵਿੱਤਰ ਆਤਮਾ ਦੁਆਰਾ ਵਾਅਦਾ ਕੀਤਾ ਸੀ। ਕੀ ਉਹ ਅਦਭੁਤ ਨਹੀਂ ਹੈ? ਇਸ ਲਈ, ਉਹ ਸਾਨੂੰ ਬਹੁਤ ਸਾਰਾ ਹੌਸਲਾ ਦਿੰਦਾ ਹੈ ਕਿ ਅਸੀਂ ਵਿਸ਼ਵਾਸ ਰਖੀਏ।

10 ਹੁਣ, ਜਦੋਂ ਯਿਸੂ ਨੇ ਮਰਕੁਸ 11:23 ਵਿੱਚ ਓਸ ਅੰਜੀਰ ਦੇ ਰੁੱਖ ਨੂੰ ਕਿਹਾ, “ਹੁਣ ਤੋਂ ਕੋਈ ਮਨੁੱਖ ਤੇਰਾ ਫਲ ਨਾ ਖਾਵੇ,” ਹੋ ਸਕਦਾ ਹੈ ਉਸਨੇ ਉੱਚੀ ਅਵਾਜ਼ ਨਾਲ ਨਾ ਕਿਹਾ ਹੋਵੇ। ਕਿਉਂ, ਸਾਫ਼ ਤੌਰ ਤੇ ਉਸ ਨੇ ਇਹ ਬਹੁਤ ਸਹਿਜੇ ਨਾਲ ਕੀਤਾ, ਏਥੋਂ ਤੱਕ ਉਹਦੇ ਚੇਲੇ ਬੱਸ… ਮੈਂ ਸੋਚਦਾ ਹਾਂ ਉਹਨਾਂ ਵਿਚੋਂ ਇੱਕ ਨੇ ਉਸ ਨੂੰ ਸੁਣ ਲਿਆ। ਅਤੇ ਇਹ…ਜਦੋਂ ਉਹ ਮਿਰਗੀ ਵਾਲਾ ਮੁੰਡਾ ਪ੍ਰਭੂ ਯਿਸੂ ਦੇ ਸਾਹਮਣੇ ਆਇਆ ਤਾਂ ਉਸ ਮੁੰਡੇ ਨੂੰ ਸਭ ਤੋਂ ਸਖ਼ਤ ਦੌਰਾ ਪਿਆ ਸੀ; ਸਾਇਦ, ਉਹ ਮੁਰਦੇ ਵਾਂਗ ਜਮੀਨ ਉੱਤੇ ਡਿੱਗ ਪਿਆ ਪਰ ਉਸ ਨੇ ਮਹਿਸੂਸ ਕੀਤਾ ਕਿ ਉਹ ਕਿਸੇ ਨਾਲ ਮਿਲਿਆ ਸੀ ਜਿਸਦਾ ਵਿਸ਼ਵਾਸ ਉਹਨਾਂ ਚੇਲਿਆਂ ਨਾਲੋਂ ਬਹੁਤ ਜਿਆਦਾ ਉੱਚਾ ਸੀ।

11 ਹੁਣ, ਮੈਂ ਚਾਹੁੰਦਾ ਹਾਂ ਕਿ ਕੋਈ ਇਸ ਨੂੰ ਵੇਖੇ ਜਿਹੜਾ ਦੈਵਿਕ ਚੰਗਾਈ ਤੇ ਵਿਸ਼ਵਾਸ ਨਹੀਂ ਕਰਦਾ। ਯਿਸੂ ਨੇ ਉਹਨਾਂ ਨੂੰ ਭੂਤਾਂ ਨੂੰ ਕੱਢਣ ਦੀ ਸ਼ਕਤੀ ਦਿੱਤੀ ਸੀ ਅਤੇ ਉਹ ਅਸਫਲ ਹੋ ਗਏ ਸਨ। ਇਹ ਨਹੀਂ ਕਿ ਸ਼ਕਤੀ ਅਸਫਲ ਹੋ ਗਈ ਸੀ ਪਰ ਉਹ ਅਸਫਲ ਹੋ ਗਏ ਸਨ। ਯਿਸੂ ਨੇ ਉਹਨਾਂ ਨੂੰ ਦੱਸਿਆ ਜੱਦ ਉਹਨਾਂ ਨੇ ਪੁੱਛਿਆ:

"ਅਸੀਂ ਓਸ ਨੂੰ ਕਿਓਂ ਨਾ ਕੱਢ ਸਕੇ"।

ਉਸ ਆਖਿਆ, "ਤੁਹਾਡੀ ਬੇਪਰਤੀਤੀ ਕਾਰਨ"।

12 ਕਲੀਸਿਯਾ ਕੋਲ ਅਜੇ ਵੀ ਸ਼ਕਤੀ ਹੈ। ਪਰਮੇਸ਼ੁਰ ਨੇ ਕਦੇ ਵੀ ਕਲੀਸਿਯਾ ਕੋਲੋਂ ਸ਼ਕਤੀ ਨਹੀਂ ਲਈ ਪਰ ਕਲੀਸਿਯਾ ਕੋਲ ਏਨਾ ਵਿਸ਼ਵਾਸ ਨਹੀਂ ਕਿ ਇਹਦੇ ਉੱਤੇ ਕੰਮ ਕਰ ਸਕੇ। ਇਹੀ ਸਭ ਹੈ। ਇਹ ਬੱਸ ਇੰਨਾ ਸਾਧਾਰਣ ਹੈ। ਕਈ ਵਾਰੀ ਅਸੀਂ ਇਸ ਨੂੰ ਬਹੁਤ ਜਿਆਦਾ ਪੇਚੀਦਾ ਬਣਾਉਣ ਦੀ ਕੋਸ਼ਿਸ ਕਰਦੇ ਹਾਂ, ਪਰ ਤੁਸੀਂ ਸੁਸ਼ਮਾਚਾਰ ਨੂੰ ਜਿੰਨਾ ਜਿਆਦਾ ਸਰਲ ਬਣਾਉਂਦੇ ਹੋ, ਉੱਨੀ ਹੀ ਅਸਲੀਅਤ ਤੁਹਾਡੇ ਕੋਲ ਹੁੰਦੀ ਹੈ ਜੱਦ ਤੁਸੀਂ ਇਹਦੇ ਨਾਲ ਸਧਾਰਣ ਤਰੀਕੇ ਨਾਲ ਪੇਸ਼ ਆਉਂਦੇ ਹੋ: ਪਰਮੇਸ਼ੁਰ ਨੇ ਇਸ ਤਰਾਂ ਕਿਹਾ ਹੈ; ਇਹੀ ਇਸਦਾ ਨਬੇੜਾ ਕਰਦਾ ਹੈ; ਅਤੇ ਇਹੀ ਸਭ ਹੈ। ਅਤੇ ਬੱਸ ਇਹਦੇ ਤੇ ਵਿਸ਼ਵਾਸ ਕਰੋ ਅਤੇ ਅੱਗੇ ਵਧੋ।

13 ਯਿਸੂ ਨੇ ਜੱਦ ਕਿਹਾ, "ਤੇਰੇ ਕੋਲੋਂ ਕੋਈ ਮਨੁੱਖ ਨਾ ਖਾਵੇ," ਕਿਓਂ, ਪੱਤੇ ਉਸ ਤਰਾਂ ਹੀ ਸੁੰਦਰ ਅਤੇ ਚਮਕੀਲੇ ਸਨ ਜਿਵੇਂ ਉਹ ਹਮੇਸ਼ਾ ਸਨ। ਤਨੇ ਦਾ ਛਿਲਕਾ ਉਸੇ ਤਰਾਂ ਦਿੱਸ ਰਿਹਾ ਸੀ ਪਰ ਜਮੀਨ ਦੇ ਹੇਠਾਂ ਉਸ ਦੀਆਂ ਜੜ੍ਹਾਂ ਵਿੱਚ, ਜੀਵਨ ਖਤਮ ਹੋਣਾ ਸ਼ੁਰੂ ਹੋ ਗਿਆ ਸੀ।

14 ਇਸੇ ਤਰਾਂ ਹੀ ਇਹ ਕੈਂਸਰ ਦੇ ਲਈ ਹੈ, ਉਸ ਹਰੇਕ ਕਿਸਮ ਦੇ ਰੋਗ ਦੇ ਲਈ ਜਿਹਦੇ–ਜਿਹਦੇ ਬਾਰੇ ਵੀ ਤੁਸੀਂ ਸੋਚਣਾ ਚਾਹੁੰਦੇ ਹੋ। ਜਦੋਂ ਤੁਸੀਂ ਪਰਮੇਸ਼ੁਰ ਦੇ ਵਚਨ ਨੂੰ ਸਵੀਕਾਰ ਕਰ ਲੈਂਦੇ ਹੋ, ਤਾਂ ਹੇਠਾਂ ਜੜ੍ਹਾਂ ਵਿੱਚ, ਕੈਂਸਰ ਉਥੇ ਹੋ ਸਕਦਾ ਹੈ; ਤੁਹਾਡਾ ਹੱਥ ਉਨਾਂ ਹੀ ਕਠੋਰ ਹੋ ਸਕਦਾ ਹੈ। ਇਸ ਦਾ ਦੈਵਿਕ ਚੰਗਾਈ ਦੇ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਹੈ। ਇਹ ਹੈ, "ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ"। ਸਮਝੇ? ਠੀਕ ਹੇਠਾਂ ਕਿਸੇ ਜਗਾ ਤੇ ਇਸ ਨੇ ਪਹਿਲਾਂ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

15 ਯਿਸੂ ਨੇ ਕਿਹਾ, "ਜੇਕਰ ਤੁਸੀਂ ਇਸ ਪਹਾੜ ਨੂੰ ਕਹੋ, 'ਉੱਖੜ ਜਾ', ਅਤੇ ਆਪਣੇ ਦਿਲ ਵਿੱਚ ਭਰਮ ਨਾ ਕਰੋ ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਉਹ ਹੋ ਜਾਵੇਗਾ ਤਾਂ ਉਹੀ ਹੋ ਜਾਵੇਗਾ ਜੋ ਤੁਸੀਂ ਕਿਹਾ"। ਕੀ ਇਹ ਸੁੰਦਰ ਨਹੀਂ ਹੈ? ਇਹ ਕਿਹਦੇ ਕੋਲੋਂ ਆਵੇਗਾ? ਪਰਮੇਸ਼ੁਰ ਦੇ ਪੁੱਤ੍ਰ ਕੋਲੋਂ ਜਿਹਦੇ ਵਚਨ...ਧਰਤੀ ਅਤੇ ਆਕਾਸ਼ ਟੱਲ ਸਕਦੇ ਹਨ, ਪਰ ਹੁਣ—ਉਹਦੇ ਵਚਨ ਨਹੀਂ ਟੱਲਣਗੇ।

16 ਹੁਣ, ਇੱਕ ਹੀ ਤਰੀਕਾ ਹੈ ਜਿਸ ਨਾਲ ਤੁਸੀਂ ਇਹ ਕਰ ਸਕਦੇ ਹੋ ਉਹ ਇਹ ਹੈ ਕਿ ਤੁਹਾਡਾ ਉਦੇਸ਼ ਅਤੇ ਮਨੋਰਥ ਠੀਕ ਹੋਣਾ ਚਾਹੀਦਾ ਹੈ। ਹੁਣ, ਜੇ ਮੈਂ ਬਾਹਰ ਜਾਵਾਂ ਅਤੇ ਆਖਾਂ, "ਮੈਂ ਤੁਹਾਨੂੰ ਵਿਖਾਉਂਦਾ ਹਾਂ ਕਿ ਮੈਂ ਇਸ ਪਹਾੜ ਨੂੰ ਹੱਟਾ ਸਕਦਾ ਹਾਂ, 'ਪਹਾੜ, ਉੱਖੜ ਜਾ'"। ਇਹ ਕਦੇ ਵੀ ਨਹੀਂ ਹਿਲੇਗਾ। ਯਕੀਨਨ ਨਹੀਂ। ਕੋਈ ਫਰਕ ਨਹੀਂ ਪੈਂਦਾ ਕਿ ਮੇਰੇ ਕੋਲ ਕੀ ਸੀ। ਇਹ ਹੋਣਾ ਚਾਹੀਦਾ ਹੈ...ਪਹਿਲਾਂ ਤੁਹਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਭਾਲਣਾ ਚਾਹੀਦਾ ਹੈ।

17 ਇਹੀ ਕਾਰਨ ਹੈ ਕਿ ਆਮ ਤੌਰ ਤੇ ਪ੍ਰਾਰਥਨਾ ਦੀਆਂ ਕਤਾਰਾਂ ਵਿੱਚ, ਮੈਂ—ਮੈਨੂੰ ਬਹੁਤ ਮੁਸ਼ਕਿਲ ਹੋ ਜਾਂਦੀ ਹੈ, ਕਿਓਂਕਿ ਕੁਝ ਤਾਂ ਹੈ ਜੋ ਪ੍ਰਾਰਥਨਾ ਦੀਆਂ ਕਤਾਰਾਂ ਵਿਚੋਂ ਹੋ ਕੇ ਜਾਂਦਾ

ਹੈ ਅਤੇ ਉਥੇ ਹੀ ਤੁਸੀਂ ਉਸ ਨੂੰ ਵਾਪਸ ਪਾਉਂਦੇ ਹੋ । ਪਰ ਵੇਖੋ, ਜੇਕਰ ਤੁਹਾਡਾ ਕੋਈ ਪਾਪ ਹੈ ਜਿਹਦਾ ਤੁਸੀਂ ਇਕਰਾਰ ਨਹੀਂ ਕੀਤਾ...ਕੀ ਤੁਸੀਂ ਕਦੇ ਇਸ ਗਲ ਤੇ ਧਿਆਨ ਦਿੱਤਾ, ਇਸ ਤੋਂ ਪਹਿਲਾਂ ਕਿ ਮੈਂ ਦੁਸ਼ਟ ਆਤਮਾ ਨੂੰ ਨਿਕਲ੍ਹਣ ਲਈ ਕਹਾਂ? ਮੈਂ ਮਾਮਲੇ ਨੂੰ ਚੰਗੀ ਤਰਾਂ ਵੇਖਦਾ ਹਾਂ ਤਾਂ ਕਿ ਇਹ ਵੇਖ ਸਕਾਂ ਕਿ ਉਸ ਜੀਵਨ ਵਿੱਚ ਕੋਈ ਵੀ ਅਜਿਹੀ ਗਲ ਨਹੀਂ ਹੈ ਜੋ ਕਿਸੇ ਚੀਜ ਨੂੰ ਰੋਕੇ, ਸਮਝੇ, ਕਿਉਂਕਿ ਯਾਦ ਰੱਖਣਾ ਕਿ ਇਹਨਾਂ ਦਾਨਾਂ ਦੇ ਨਾਲ ਤੁਸੀਂ ਮੁਸੀਬਤ ਵਿੱਚ ਪੈ ਸਕਦੇ ਹੋ ।

18 ਤੁਹਾਨੂੰ ਚੇਤੇ ਹੈ ਕਿ ਪਰਮੇਸ਼ੁਰ ਨੇ ਇੱਕ ਵਾਰ ਇੱਕ ਨਬੀ ਦਿੱਤਾ...ਇੱਕ ਮਨੁੱਖ ਵਿਚੋਂ ਇੱਕ ਨਬੀ ਬਣਾਇਆ, ਮੂਸਾ ਅਤੇ ਓਸ ਨੂੰ ਕਿਹਾ ਕਿ ਹੇਠਾਂ ਜਾ ਕੇ ਚਟਾਨ ਨੂੰ ਬੋਲ । ਅਤੇ ਨਬੀ ਬਹੁਤ ਉਤੇਜਿਤ ਸੀ ਅਤੇ ਬਾਹਰ ਗਿਆ ਅਤੇ ਚਟਾਨ ਨੂੰ ਮਾਰਿਆ, ਮਸੀਹ ਦੀ ਨਿਰਬਲਤਾਈ ਬਾਰੇ ਬੋਲਦੇ ਹੋਏ ਕਿ ਉਸ ਨੂੰ ਦੂਜੀ ਵਾਰ ਮਰਨਾ ਸੀ ਜਾਂ ਦੂਸਰੀ ਵਾਰ ਉਸਨੂੰ ਮਾਰਿਆ ਜਾਣਾ ਸੀ । ਉਸ ਕੋਲ ਇਸ ਨੂੰ ਲਿਆਉਣ ਦੀ ਸਮਰਥ ਸੀ ਪਰ ਇਹ ਪਰਮੇਸ਼ੁਰ ਦੀ ਇੱਛਾ ਨਹੀਂ ਸੀ ।

19 ਮੈਂ ਕਦੇ ਵੀ ਇਹ ਵਿਸ਼ਵਾਸ ਨਹੀਂ ਕਰਦਾ ਕਿ ਇਹ ਪਰਮੇਸ਼ੁਰ ਦੀ ਮਰਜੀ ਸੀ ਕਿ ਅਲੀਸ਼ਾ ਇੱਧਰ-ਓੱਧਰ ਜਾਵੇ ਕਿਉਂਕਿ ਉਹ ਬੱਚੇ ਓਸ ਨੂੰ ਸਿਰ ਤੋਂ ਗੰਜਾ ਹੋਣ ਕਾਰਨ ਛੇੜ ਰਹੇ ਸਨ, ਮੈਂ ਨਹੀਂ ਸੋਚਦਾ ਕਿ ਉਸ ਨੂੰ ਉਂਝ ਕਰਨਾ ਚਾਹੀਦਾ ਸੀ । ਪਰ ਉਹ ਇੱਕ ਨਬੀ ਸੀ ਅਤੇ ਗੁੱਸੇ ਵਿੱਚ ਸੀ ਅਤੇ ਓਸ ਨੇ ਉਹਨਾਂ ਬੱਚਿਆਂ ਨੂੰ ਸ਼ਰਾਪ ਦਿੱਤਾ ਅਤੇ ਦੋ ਰਿੱਛਣਿਆਂ ਨੇ ਉਹਨਾਂ ਬਤਾਲੀ ਬੱਚਿਆਂ ਨੂੰ ਮਾਰ ਦਿੱਤਾ । ਸਮਝੇ? ਪਰ ਮੈਂ ਨਹੀਂ ਮੰਨਦਾ ਕਿ ਉਸ ਨੂੰ ਇਹ ਕਰਨਾ ਚਾਹੀਦਾ ਸੀ । ਅਤੇ ਇਹ ਬੱਸ—ਬੱਸ...ਅਸੀਂ...

20 ਅੱਜ ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਆਪਣੀ ਕਲੀਸਿਯਾ ਨੂੰ ਸ਼ਕਤੀ ਦੇਣ ਤੋਂ ਪਹਿਲਾਂ, ਉਹ ਆਪਣੀ ਕਲੀਸਿਯਾ ਨੂੰ ਇਹ ਵੇਖਣ ਲਈ ਪਰਖਦਾ ਹੈ ਕਿ ਉਹ ਓਸ ਨਾਲ ਕੀ ਕਰੇਗੀ ।

21 ਅਸੀਂ...ਅਗਲੀ ਵਾਰੀ, ਹੋ ਸਕਦਾ ਹੈ ਜੇ ਪਰਮੇਸ਼ੁਰ ਦੀ ਮਰਜੀ ਹੋਵੇਗੀ ਤਾਂ ਜੱਦ ਮੈਂ ਵਾਪਸ ਆਵਾਂਗਾ ਤਾਂ ਸਾਡੇ ਕੋਲ ਇਸ ਬਾਰੇ ਗੱਲ ਕਰਨ ਦੇ ਲਈ ਸਮਾਂ ਹੋਵੇਗਾ, ਕਿਸੇ ਚੀਜ ਲਈ ਜਿਹੜੀ ਹੋਣ ਵਾਲੀ ਹੈ ਅਤੇ ਫੇਰ ਅਸੀਂ ਇਹਦੇ ਬਾਰੇ ਹੋਰ ਜਾਣਾਂਗੇ ।

22 ਪਰ ਜੇ ਤੁਸੀਂ ਬੱਸ ਵਚਨ ਨੂੰ ਬੋਲੋ, ਆਖੋ, "ਪ੍ਰਭੂ, ਮੈਂ ਵਿਸ਼ਵਾਸ ਕਰਦਾ ਹਾਂ," ਭਰਮ ਨਾ ਕਰੋ, ਪਰ ਆਪਣੇ ਦਿਲ ਤੋਂ ਵਿਸ਼ਵਾਸ ਕਰੋ...

23 ਹੁਣ, ਇੱਕ ਮਿਸਾਲ ਲਈ, ਮੈਂ ਇੱਕ ਵਾਦੀ ਵਿੱਚ ਸੀ ਅਤੇ ਮੈਂ ਨਹੀਂ...ਮੈਂ ਲੱਖਾਂ ਲੋਕਾਂ ਨੂੰ ਪਰਚਾਰ ਕਰ ਰਿਹਾ ਹਾਂ ਪਰ ਉਥੇ ਪਹਾੜੀ ਦੇ ਪਾਰ ਇੱਕ ਸੋ ਲੋਕਾਂ ਦਾ ਟੋਲਾ ਹੈ ਅਤੇ ਉਹ ਮਸੀਹ ਨੂੰ ਜਾਣੇ ਬਿਨਾਂ ਮਰ ਰਹੇ ਹਨ । ਖੈਰ, ਮੇਰੇ ਕੋਲ ਇਥੇ ਪਰਚਾਰ ਕਰਨ ਦੇ ਲਈ ਲੱਖਾਂ ਲੋਕ ਹਨ ਪਰ ਫਿਰ ਵੀ ਮੇਰੇ ਦਿਲ ਵਿੱਚ ਕੁਝ ਹੈ ਜੋ ਮੈਨੂੰ ਦੱਸ ਰਿਹਾ ਹੈ, "ਉਹਨਾਂ ਲੋਕਾਂ ਦੇ ਕੋਲ ਜਾ । ਉਹਨਾਂ ਕੋਲ ਪਹੁੰਚ । ਉਹ ਨਾਸ਼ ਹੋ ਰਹੇ ਹਨ" । ਮੈਂ ਆਪਣੇ ਆਪ ਤੋਂ ਨਹੀਂ ਜਾਣਾ ਚਾਹੁੰਦਾ ਹਾਂ ਪਰ ਫਿਰ ਵੀ ਮੇਰੇ ਅੰਦਰ ਕੋਈ ਚੀਜ ਹੈ । ਸਮਝੇ, ਫਿਰ ਇਹ ਪਰਮੇਸ਼ੁਰ ਹੈ ਜੋ ਚਲ ਰਿਹਾ ਹੈ । ਵੇਖੋ ਕਿ ਉਦੇਸ਼ ਕੀ ਹੈ, ਵੇਖੋ ਕਿ ਜਾਣ ਦਾ ਮੰਤਵ ਕੀ ਹੈ, ਆਪਣੇ ਲਈ ਨਹੀਂ...ਹੁਣ, ਜੇ ਮੈਂ ਆਖਾਂ, "ਅੱਛਾ..." ਜੇ ਮੇਰੇ ਉਥੇ ਜਾਣ ਦਾ ਉਦੇਸ਼ ਸਹੀ ਹੈ ਪਰ ਜੱਦ ਮੈਂ ਉਥੇ ਜਾਂਦਾ ਹਾਂ ਤਾਂ ਉਥੇ ਇੱਕ ਵੱਡਾ ਪਹਾੜ ਹੈ, ਮੈਂ ਆਖਾਂ, "ਤੁਸੀਂ ਜਾਣਦੇ ਹੋ, ਜੇ ਮੈਂ ਉਸ ਪਹਾੜ ਦੇ ਪਾਰ ਜਾਵਾਂ ਅਤੇ ਉਨ੍ਹਾਂ ਸਾਰੇ ਸੌ ਲੋਕਾਂ ਨੂੰ ਬਚਾਵਾਂ ਤਾਂ ਕਿਸੇ ਦਿਨ ਉਥੇ ਉਹ ਇੱਕ

ਮੂਰਤ ਬਣਾਉਣਗੇ: ਭਾਈ ਬ੍ਰਾਨਹਾਮ, ਇੱਕ ਮਹਾਨ ਮਿਸ਼ਨਰੀ" । ਹੁਣ, ਮੇਰਾ ਮਨੋਰਥ ਠੀਕ ਨਹੀਂ ਹੈ । ਪਹਾੜ ਨਹੀਂ ਡਿੱਗੇਗਾ । ਨਹੀਂ, ਸ਼੍ਰੀਮਾਨ ।

24 ਪਰ ਜਦ ਮੇਰਾ ਉਦੇਸ਼ ਅਤੇ ਮਨੋਰਥ ਸਹੀ ਹੈ ਅਤੇ ਪਰਮੇਸ਼ੁਰ ਮੇਰੇ ਦਿਲ ਵਿੱਚ ਮੇਰੀ ਅਗੁਵਾਈ ਕਰ ਰਿਹਾ ਹੈ ਅਤੇ ਮੈਂ ਉਸ ਪਹਾੜ ਦੇ ਪਾਰ ਨਾ ਜਾ ਸਕਾਂ, ਆਲੇ ਦੁਆਲੇ ਅਤੇ ਹੇਠਾਂ ਦੀ ਨਾ ਜਾ ਸਕਾਂ ਅਤੇ ਮੈਂ ਆਖਾਂ, "ਪਹਾੜ, ਹੱਟ ਜਾ" । ਹੋ ਸਕਦਾ ਹੈ ਇਹ...ਜਦੋਂ ਮੈਂ ਇਹ ਆਖਾਂ, ਅਤੇ ਇਸ ਨੂੰ ਉਸ ਤਰਾਂ ਦੀ ਸਹੀ ਭਾਵਨਾ ਨਾਲ ਆਖਾਂ ਜੋ ਪਰਮੇਸ਼ੁਰ ਦੀ ਪਵਿੱਤਰ ਆਤਮਾ ਦੀ ਅਗੁਵਾਈ ਨਾਲ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਹੋਵੇ ਤਾਂ ਹੋ ਸਕਦਾ ਹੈ ਉਸ ਪਹਾੜ ਦਾ ਚਮਚਾ ਭਰ ਹਿੱਸਾ ਵੀ ਨਾ ਉਖੜੇ ਪਰ ਇਹ ਆਪਣੇ ਰਾਹ ਤੋਂ ਹੱਟਣਾ ਸ਼ੁਰੂ ਹੋ ਜਾਵੇਗਾ । ਅਗਲੇ ਦਿਨ ਹੋ ਸਕਦਾ ਹੈ ਕਿ ਦੋ ਪੌਂਡ ਹਿੱਸਾ ਡਿੱਗ ਜਾਵੇ । ਅਗਲੇ ਦਿਨ ਇੱਕ ਟਨ ਦਾ ਚੋਥਾ ਹਿੱਸਾ । ਅਤੇ ਹੋ ਸਕਦਾ ਹੈ ਇੱਕ ਮਹੀਨੇ ਵਿੱਚ ਪੰਜ ਟਨ ਡਿਗ ਜਾਂਦਾ ਹੈ । ਇਸ ਨਾਲ ਕੀ? ਹੋ ਸਕਦਾ ਹੈ ਕਿ ਇਸ ਨੂੰ ਵੇਖ ਵੀ ਨਾ ਸਕਾਂ ਫਿਰ ਵੀ ਉਹ ਪਹਾੜੀ ਆਪਣੇ ਰਾਹ ਤੋਂ ਹੱਟ ਰਹੀ ਹੈ । ਮੈਂ ਠੀਕ ਉਥੇ ਹੀ ਖੜਾ ਰਹਾਂਗਾ ਅਤੇ ਇਸ ਕੰਮ ਨੂੰ ਹੁੰਦੇ ਹੋਏ ਵੇਖਾਂਗਾ ਕਿਓਂਕਿ ਪਰਮੇਸ਼ੁਰ ਨੇ ਇਸ ਤਰਾਂ ਕਿਹਾ ਹੈ ਅਤੇ ਇਸ ਨਾਲ ਇਸ ਦਾ ਨਬੇੜਾ ਹੋ ਜਾਂਦਾ ਹੈ ।

25 ਕੀ ਅੱਜ ਰਾਤ ਤੁਸੀਂ ਇਸ ਤਰਾਂ ਆਪਣੀ ਮਾਂ ਦੇ ਲਈ ਸੋਚ ਸਕਦੇ ਹੋ? ਸਭ ਠੀਕ ਹੈ ਜੇ ਤੁਸੀਂ ਇੰਝ ਸੋਚੋਗੇ ਤਾਂ ਉਹ ਠੀਕ ਹੋ ਜਾਵੇਗੀ । ਸਭ ਠੀਕ ਹੈ । ਜੇ ਤੁਸੀਂ ਬੱਸ ਇਹਦੇ ਤੇ ਵਿਸ਼ਵਾਸ ਕਰੋ: ਸਿਰਫ ਵਚਨ ਨੂੰ ਬੋਲੋ ਅਤੇ ਇਹਦੇ ਨਾਲ ਰਹੋ । ਸਮਝੇ? ਸਿਰਫ ਇਹਦੇ ਤੇ ਵਿਸ਼ਵਾਸ ਕਰੋ; ਇਸ ਦੇ ਨਾਲ ਰਹੋ । ਇਹ ਅਨੰਤ ਜੀਵਨ ਹੈ ।

26 ਹੁਣ, ਕਲ੍ਹ ਦੁਪਹਿਰ ਤੋਂ ਬਾਦ...ਮੈਂ ਅੱਜ ਰਾਤ ਬਿੱਲੀ ਨੂੰ ਕਿਹਾ ਕਿ ਪ੍ਰਾਰਥਨਾ ਕਾਰਡਾਂ ਨੂੰ ਛੱਡ ਦਵੇ ਅਤੇ ਮੈਂ ਬੋਲਣਾ ਚਾਹੁੰਦਾ ਸੀ । ਮੈਂ ਸਚਾਈ ਵਿੱਚ ਇਕਰਾਰ ਕਰ ਰਿਹਾ ਹਾਂ, ਮੈਂ ਜਨਵਰੀ ਤੋਂ ਲੈ ਕੇ ਬਾਹਰਲੇ ਦੇਸ਼ਾਂ ਵਿੱਚ ਜਾ ਰਿਹਾ ਹਾਂ ਅਤੇ ਵਾਪਸ ਆ ਰਿਹਾ ਹਾਂ, ਫਿਨਿਕਸ ਵਿੱਚ, ਠੀਕ ਘਰ ਵਿੱਚ ਅਤੇ ਵਾਪਸ ਅਤੇ ਪੂਰੀ ਤਰਾਂ ਨਾਲ ਸਭ...ਉਹ ਭੇਤਾਂ ਨੂੰ ਬੁਝਣਾ... ਏਥੋਂ ਤੱਕ ਕਿ ਮੈਂ ਏਨਾ ਕਮਜੋਰ ਹੋ ਗਿਆ ਕਿ ਮੈਨੂੰ ਕਈ ਵਾਰ ਮਸਾਂ ਹੀ ਪਤਾ ਲਗਦਾ ਹੈ ਕਿ ਮੈਂ ਕਿਥੇ ਖੜਾ ਹਾਂ । ਇਸ ਨੇ ਮੈਨੂੰ ਬਹੁਤ ਥੱਕਾ ਦਿੱਤਾ ਹੈ ।

27 ਅਤੇ ਫੇਰ ਮੈਨੂੰ ਜਾਣਾ ਪੈਣਾ ਹੈ ਅਤੇ ਉਹ...ਤੁਸੀਂ ਭਰਾਂਵਾਂ ਨੇ ਮੈਨੂੰ ਕੁਝ ਹੋਰ ਦਿਨ ਰੁੱਕਣ ਲਈ ਬੁਲਾਇਆ ਹੈ । ਮੈਂ ਇਸ ਦੀ ਕਿੰਨੀ ਪ੍ਰਸ਼ੰਸਾ ਕਰਦਾ ਹਾਂ । ਮੈਂ ਯਕੀਨਨ ਇਹ ਸੋਚਦਾ ਹਾਂ ਕਿ ਇਥੇ ਸੇਵਕਾਂ ਦਾ ਇੱਕ ਅਦਭੁਤ ਝੁੰਡ ਹੈ । ਕਾਸ਼ ਸਾਡੇ ਕੋਲ ਸੰਗਤੀ ਦੇ ਲਈ ਥੋੜਾ ਜਿਹਾ ਹੋਰ ਸਮਾਂ ਹੁੰਦਾ । ਜੇਕਰ ਪ੍ਰਭੂ ਨੇ ਚਾਹਿਆ ਤਾਂ ਮੈਂ ਕਿਸੇ ਸਮੇਂ ਵਾਪਸ ਆਵਾਂਗਾ । ਕੁਝ ਹੋਰ ਕਰਨ ਦੇ ਲਈ ਨਹੀਂ ਪਰ ਇੱਕ ਕਲੀਸਿਯਾ ਤੋਂ ਦੂਜੀ ਤੱਕ ਜਾਵਾਂ ਅਤੇ ਸਾਰੇ ਸ਼ਹਿਰ ਵਿੱਚ ਘੁਮਾਂ ਅਤੇ ਤੁਹਾਨੂੰ ਸਾਰਿਆਂ ਨੂੰ ਮਿਲਾਂ । ਮੈਨੂੰ ਇਹ ਕਰਕੇ ਖੁਸ਼ੀ ਹੋਵੇਗੀ: ਕੁਝ ਵੀ ਜੋ ਮੈਂ ਪਰਮੇਸ਼ੁਰ ਦੇ ਰਾਜ ਦੀ ਸਹਾਇਤਾ ਦੇ ਲਈ ਕਰ ਸਕਾਂ ਤਾਂ ਜੇਕਰ ਤੁਸੀਂ ਚਾਹੁੰਦੇ ਹੋ ਕਿ ਮੈਂ ਇੰਝ ਕਰਾਂ । ਅਤੇ ਕਿਸੇ ਸਮੇਂ ਵਾਪਸ ਆਵਾਂ ਅਤੇ ਅਸੀਂ ਸਾਰੇ ਮਿਲ ਕੇ ਇੱਕ ਵਧੀਆਂ ਅਤੇ ਚੰਗੀ ਸਭਾ ਕਰੀਏ ।

28 ਅਤੇ ਯਾਦ ਰਖਣਾ ਭਰਾਵੋ, ਮੈਂ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ । ਇੱਕ ਚੀਜ ਜੋ ਪੱਕੀ ਹੈ । ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਮੇਰੇ ਲਈ ਪ੍ਰਾਰਥਨਾ ਕਰਨਾ ।

29 ਅਤੇ ਹੁਣ ਮੈਂ—ਮੈਂ…ਕਲ੍ਹ ਸਵੇਰੇ ਸਾਰੇ ਸ਼ਹਿਰ ਵਿੱਚ ਵੱਖ ਵੱਖ ਵਧੀਆ ਗਿਰਜਿਆਂ ਵਿੱਚ ਕਲੀਸਿਯਾ ਦੀਆਂ ਸਭਾਵਾਂ ਹਨ ।

30 ਹੁਣ, ਜੈਫਰਸਨਵਿਲੇ ਤੋਂ ਕੁਝ ਝੁੰਡ ਇਥੇ ਹਨ । ਮੇਰੇ ਕੁਝ ਮਿੱਤ੍ਰ, ਮੇਰੀ ਕਲੀਸਿਯਾ ਦੇ ਟਰੱਸਟੀਆਂ ਵਿਚੋਂ ਇੱਕ, ਭਾਈ ਫ੍ਰੇਡ ਸੋਥਮੈਨ ਇਥੇ ਹਨ । ਮੈਂ ਉਹਨਾਂ ਨੂੰ ਸਭਾ ਵਿੱਚ ਵੇਖ ਨਹੀਂ ਸਕਿਆ । ਅਤੇ ਭਾਈ…ਔਹ, ਜੈਫ਼ਰਸਨਵਿਲੇ ਤੋਂ ਮੇਰੇ ਹੋਰ ਬਹੁਤ ਸਾਰੇ ਮਿੱਤ੍ਰ, ਮੇਰੇ ਨਿਜੀ…ਮੇਰਾ ਸਹਾਇਕ ਅਤੇ—ਅਤੇ ਸਾਰੇ ਇਸ ਸਭਾ ਵਿੱਚ ਕਿਤੇ ਨਾ ਕਿਤੇ ਮੌਜੂਦ ਹਨ । ਮੈਂ ਉਨ੍ਹਾਂ ਨੂੰ ਅਜੇ ਨਹੀਂ ਵੇਖਿਆ ।

31 ਅਤੇ ਭਰਾਵੋ, ਇਸ ਸ਼ਹਿਰ ਵਿੱਚ ਕੁਝ ਬਹੁਤ ਵਧੀਆ ਕਲੀਸਿਯਾਵਾਂ ਹਨ । ਅਤੇ ਤੁਸੀਂ ਸਾਰੇ ਬਾਕੀ ਜਿਹੜੇ ਬਾਹਰੋਂ ਆਏ ਹੋ, ਉਨ੍ਹਾਂ ਵਿਚੋਂ ਕਿਸੇ ਇੱਕ ਨੂੰ ਲਭ ਲੈਣ ਅਤੇ ਕਲ੍ਹ ਉਨ੍ਹਾਂ ਕਲੀਸਿਯਾਵਾਂ ਵਿੱਚ ਚਲੇ ਜਾਣਾ । ਉਹ ਤੁਹਾਡੇ ਨਾਲ ਚੰਗਾ ਵਰਤਾਓ ਕਰਣਗੇ, ਮੈਂਨੂੰ ਪੱਕਾ ਯਕੀਨ ਹੈ । ਉਹ ਭਾਈ ਹਨ ਜਿਹੜੇ ਇਸ ਤਰਾਂ ਦੀ ਸੇਵਕਾਈ ਵਿੱਚ ਵਿਸ਼ਵਾਸ ਕਰਦੇ ਹਨ । ਇਹੀ ਕਾਰਨ ਹੈ ਕੀ ਉਹ ਇਥੇ ਮੰਚ ਉੱਤੇ ਅਤੇ ਹੇਠਾਂ ਜਗ੍ਹਾ ਜਗ੍ਹਾ ਬੈਠੇ ਹੋਏ ਹਨ ਕਿਓਂਕਿ ਉਹ ਇਸ ਵਿੱਚ ਵਿਸ਼ਵਾਸ ਕਰਦੇ ਹਨ । ਅਤੇ ਮੈਂ ਉਹਨਾਂ ਮਨੁੱਖਾਂ ਦੀ ਪ੍ਰਸ਼ੰਸਾ ਕਰਦਾ ਹਾਂ ।

32 ਪ੍ਰਭੂ, ਇਸ ਫੁਲ ਗੋਸਪਲ ਬਿਜਨਸਮੈਨ ਦੇ ਝੁੰਡ ਨੂੰ ਬਰਕਤ ਦਵੇ ਜਿਨਾਂ ਨੇ ਇਸ ਸਭਾ ਦਾ ਭਾਰ ਚੁੱਕਿਆ ਹੈ । ਇਥੇ…ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਠੀਕ ਸੀ ਕਿ ਉਹਨਾਂ ਨੇ ਇਸ ਸਭਾ ਦਾ ਭਾਰ ਚੁਕਿਆ ਹੈ । ਮੈਂ–ਮੇਰੇ ਕੋਲ ਉਹਨਾਂ ਦੇ ਬਹੁਤ ਸਾਰੇ ਪ੍ਰਾਯੋਜਕ ਹਨ ਕਿਓਂਕਿ ਉਸ ਵਿੱਚ…ਸਾਨੂੰ ਇਸ ਤਰਾਂ ਨਹੀਂ ਹੋਣਾ ਚਾਹੀਦਾ, ਪਰ ਬਹੁਤ ਵਾਰ, ਭਾਈਆਂ ਵਿੱਚ ਥੋੜਾ ਬਹੁਤ ਮਤਭੇਦ ਹੋ ਜਾਂਦਾ ਹੈ, ਜਿਵੇਂ ਇੱਕ ਮਨੁੱਖ ਇੱਕ ਚੀਜ ਤੇ ਵਿਸ਼ਵਾਸ ਕਰਦਾ ਹੈ, ਦੂਸਰਾ ਕਿਸੇ ਹੋਰ ਤੇ…ਇਹ ਇੱਕ ਤਰਾਂ ਦੀ ਖਿੱਚੋਤਾਣ ਨੂੰ ਪੈਦਾ ਕਰਦਾ ਹੈ ਅਤੇ ਪੁਰਾਣੇ ਜਖ਼ਮਾਂ ਨੂੰ ਤਾਜਾ ਕਰਦਾ ਹੈ । ਇਸ ਨੂੰ ਇਸ ਸਮੇਂ ਤੱਕ ਚੰਗਾ ਹੋ ਜਾਣਾ ਚਾਹੀਦਾ ਸੀ, ਪਰ ਇਹ–ਇਹ… ਅਤੇ ਜੇਕਰ ਤੁਸੀਂ…ਜੇਕਰ ਮੈਂ ਫੁਲ ਗੋਸਪਲ ਵਾਲਿਆਂ ਨੂੰ ਲੈਂਦਾ ਹਾਂ ਤਾਂ ਇਹ ਇੱਕ ਤਰਾਂ ਨਾਲ ਇਸ ਨੂੰ ਸਮੂਹਿਤ ਕਰਨ ਵਿੱਚ ਸਹਾਇਤਾ ਕਰਦਾ ਹੈ ਅਤੇ ਅਸੀਂ ਇੱਕਠੇ ਹੋ ਜਾਂਦੇ ਹਾਂ ਅਤੇ ਅਸੀਂ ਇੱਕਠੇ ਇੱਕ ਅਸਲ ਸੰਗਤੀ ਕਰਦੇ ਹਾਂ, ਇੱਕ ਅਸਲ ਵਧੀਆ ਸਮੇਂ ਹੁੰਦੇ ਹਨ । ਅਤੇ ਅਸੀਂ ਇਸ ਦੀ ਪ੍ਰਸ਼ੰਸਾ ਕਰਦੇ ਹਾਂ । ਪਰਮੇਸ਼ੁਰ ਓਸ ਝੁੰਡ ਨੂੰ ਬਰਕਤ ਦਵੇ । ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਨੇ ਇਸ ਨੂੰ ਕਿਸੇ ਮਕਸ਼ਦ ਲਈ ਖੜਾ ਕੀਤਾ ਸੀ ।

33 ਹੁਣ…ਅਤੇ ਫੇਰ ਮੈਨੂੰ ਇੱਕ ਦਿਨ ਭਾਈ ਔਰਲ ਰਾਬਰਟਸ ਦਾ ਘਰ ਵੇਖਣ ਦਾ ਵੱਡਾ ਮੌਕਾ ਮਿਲਿਆ । ਅਤੇ ਮੇਰੇ ਪਰਮੇਸ਼ੁਰ, ਕਿੰਨਾ ਵੱਡਾ ਘਰ ਸੀ, ਬਹੁਤ ਹੀ ਵਧੀਆ ਚੀਜ ਸੀ । ਇਹ—ਇਹ ਪੰਤੇਕੁਸਤ ਦੇ ਲਈ ਇੱਕ ਯਾਦਗਾਰ ਹੈ ।

34 ਫੇਰ ਮੈਂ ਭਾਈ ਟੋਮੀ ਓਸਬੋਰਨ ਕੋਲ ਗਿਆ, ਇੱਕ ਸ਼ਾਨਦਾਰ ਜਗ੍ਹਾ, ਪਰਮੇਸ਼ੁਰ ਦਾ ਇੱਕ ਅਦਭੁਤ ਮਨੁੱਖ, ਜਿਸਨੇ…ਭਾਈ ਟੋਮੀ ਅਤੇ ਮੈਂ ਬਹੁਤ ਨੇੜੇ ਹਾਂ ਅਤੇ ਭਾਈ ਔਰਲ ਵੀ, ਅਸੀਂ ਬਹੁਤ ਨੇੜੇ ਦੇ ਭਰਾ ਹਾਂ ਅਤੇ ਅਸੀਂ ਇੱਕ ਦੂਜੇ ਨੂੰ ਪ੍ਰੇਮ ਕਰਦੇ ਹਾਂ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਲੋਕਾਂ ਦੀ ਭਲਾਈ ਦੇ ਲਈ ਜੋ ਵੀ ਕਰ ਸਕਦੇ ਹਾਂ ਉਸ ਨੂੰ ਸਰਬੋਤਮ ਢੰਗ ਨਾਲ ਕਰਣ ਦੀ ਕੋਸ਼ਿਸ ਕਰ ਰਹੇ ਹਾਂ ।

35 ਇਸ ਲਈ ਮੈਂ ਯਕੀਨਨ ਉਹਨਾਂ ਮਨੁੱਖਾਂ ਦੀ ਇਸ ਸ਼ਹਿਰ ਵਿੱਚ ਉਹਨਾਂ ਬਾਕੀ ਸਾਰੇ ਵਧੀਆ ਭਾਈਆਂ ਦੇ ਵਿਚਕਾਰ ਹੋਣ ਦੇ ਲਈ ਪ੍ਰਸ਼ੰਸਾ ਕਰਦਾ ਹਾਂ ਜਿਹੜੇ ਤੁਹਾਨੂੰ ਮਿਲੇ ਹਨ

। ਤੁਸੀਂ ਭੇਡਾਂ ਦੇ ਕੋਲ ਅਦਭੁਤ ਚਰਵਾਹੇ ਹਨ । ਮੈਂ ਬੱਸ, ਮੈਂ ਇਸ ਨੂੰ ਇਸ ਤਰਾਂ ਕਹਾਂਗਾ । ਮੇਰੀ ਬੱਸ ਇਹੀ ਪ੍ਰਾਰਥਨਾ ਹੈ ਕਿ ਕਾਸ਼ ਪਰਮੇਸ਼ੁਰ ਤੁਹਾਡੇ ਨਾਲ ਬਣਿਆ ਰਹੇ । ਅਤੇ ਹੁਣ ਕਲ੍ਹ ਦੁਪਹਿਰ, ਮੈਂ…ਭਾਇਓ, ਸਭਾ ਕਿਸ ਸਮੇਂ ਸ਼ੁਰੂ ਹੁੰਦੀ ਹੈ? ਢਾਈ ਵਜੇ । ਇਸ ਲਈ ਤੁਹਾਨੂੰ ਇੱਕ ਜਾਂ ਡੇਢ ਵਜੇ ਇਥੇ ਹੋਣਾ ਚਾਹੀਦਾ ਹੈ ਤਾਂਕਿ ਉਹ ਬਾਕੀ ਸਭਾ ਵਿੱਚ ਰੁਕਾਵਟ ਨਾ ਪਾਉਣ ।

36 ਹੁਣ, ਜੇ ਮੁੰਡਿਆਂ ਨੇ ਤੁਹਾਨੂੰ ਪਹਿਲਾਂ ਨਹੀਂ ਦੱਸਿਆ, ਅੱਜ ਰਾਤ ਉਹਨਾਂ ਕੋਲ ਕੁਝ ਕਿਤਾਬਾਂ, ਤਸਵੀਰਾਂ ਅਤੇ ਵਗੈਰਾ ਵਗੈਰਾ ਅਤੇ ਸਭਾਵਾਂ ਦੀਆਂ ਟੇਪਾਂ, ਅਤੇ ਰਿਕਾਰਡ ਅਤੇ… ਉਹ ਉਹਨਾਂ ਨੂੰ ਵੇਚਦੇ ਹਨ । ਪਰ ਅਸੀਂ ਉਹਨਾਂ ਨੂੰ ਕਲ੍ਹ ਸ਼ਬਤ ਦੇ ਦਿਨ ਵੇਚਣ ਨਹੀਂ ਦੇਵਾਂਗੇ । ਕੋਈ ਕਿਤਾਬ ਜਾਂ ਕੋਈ ਵੀ ਹੋਰ ਚੀਜ ਨਹੀਂ ਵੇਚੀ ਜਾਵੇਗੀ । ਇਸ ਲਈ ਅਸੀਂ ਨਹੀਂ… ਅਸੀਂ ਇਸ ਦੀ ਕਦੇ ਵੀ ਆਗਿਆ ਨਹੀਂ ਦਿੱਤੀ । ਭਾਵੇਂ ਬਹੁਤ ਸਾਰਿਆਂ ਨੇ ਕਿਹਾ, “ਤੁਸੀਂ ਤਾਂ ਬਹੁਤ ਜਿਆਦਾ ਗਲਤ ਹੋ…”

37 ਅਤੇ ਬੁੱਢਾ ਡੈਡੀ ਬੋਸਵਰਥ ਮੈਨੂੰ ਕਹਿੰਦਾ ਹੁੰਦਾ ਸੀ, “ਔਹ, ਭਾਈ ਬ੍ਰਾਨਹਾਮ, ਤੁਸੀਂ ਇਥੇ ਗਲਤ ਹੋ,” ਪਰ ਮੈਂ ਇਸ ਤਰਾਂ ਹੀ ਮਹਿਸੂਸ ਕਰਦਾ ਹਾਂ (ਸਮਝੇ?), ਅਤੇ ਮੈਂ–ਮੈਂ ਮਹਿਸੂਸ ਕਰਦਾ ਹਾਂ । ਜੇ ਤੁਸੀਂ ਕੋਈ ਚੀਜ ਲੈਣਾ ਚਾਹੁੰਦੇ ਹਾਂ ਤਾਂ ਉਹ ਤੁਹਾਨੂੰ ਦੇ ਦੇਣਗੇ, ਪਰ ਜੇ ਤੁਸੀਂ…ਪਰ ਅਸੀਂ ਸਬਤ ਦੇ ਦਿਨ ਨਹੀਂ ਵੇਚ ਸਕਦੇ । ਨਹੀਂ । ਇਹੀ ਸਭ ਹੈ । ਜੇ ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ ਤਾਂ ਮੈਨੂੰ ਇਸ ਨੂੰ ਜੀਣਾ ਪੈਣਾ ਹੈ, ਬੱਸ…ਮੈਨੂੰ ਆਪਣੇ ਆਪ ਨਾਲ ਜੀਣਾ ਪੈਣਾ ਹੈ । ਤੁਸੀਂ ਸਮਝੇ? ਅਤੇ ਮੈਂ–ਮੈਨੂੰ ਆਪਣੇ ਵਿਸ਼ਵਾਸ ਦੇ ਨਾਲ ਹੀ ਜੀਣਾ ਪੈਣਾ ਹੈ ਅਤੇ ਇਸ ਲਈ…ਜਾਂ ਤੁਸੀਂ ਘਰ ਭੇਜ ਸਕਦੇ ਹੋ ਅਤੇ ਤੁਸੀਂ ਉਸ ਜਗ੍ਹਾ ਤੇ ਜਾ ਕੇ ਇਸ ਨੂੰ ਲੈ ਸਕਦੇ ਹੋ ।

38 ਹੁਣ ਅੱਜ ਦੀ ਰਾਤ, ਔਹ, ਆਓ ਸਾਰੇ ਇਹ ਭੁੱਲ ਜਾਓ ਕਿ, ਔਹ, ਕਿ ਕੋਈ ਕੰਮ ਕਰਨ ਲਈ ਰਹਿੰਦਾ ਹੈ ਜਾਂ ਕੁਝ ਹੋਰ ਜਾਂ ਦਿਨ ਦੀ ਸਖ਼ਤ ਮਿਹਨਤ । ਆਓ ਬੱਸ ਸਭ ਕੁਝ ਨੂੰ ਇੱਕ ਪਾਸੇ ਰੱਖ ਦਈਏ ਅਤੇ ਕੁਝ ਮਿੰਟਾਂ ਦੇ ਲਈ ਵਚਨ ਵਿੱਚ ਵੇਖੀਏ ਅਤੇ ਵੇਖਦੇ ਹਾਂ ਕਿ ਪਰਮੇਸ਼ੁਰ ਆਪਣੇ ਵਚਨ ਦੁਆਰਾ ਸਾਡੇ ਨਾਲ ਕੀ ਗਲਬਾਤ ਕਰਦਾ ਹੈ । ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅੱਜ ਰਾਤ ਪਰਮੇਸ਼ੁਰ ਸਾਨੂੰ ਬਹੁਤ ਜਿਆਦਾ ਵੱਡੀ ਬਰਕਤ ਦਵੇ ।

39 ਜੀਨ, ਕੀ ਤੂੰ ਉਸ ਨੂੰ ਮੇਰੇ ਲਈ ਅਗਵਾ ਕਰੇਂਗੀ? ਕੀ ਤੂੰ ਓਸ ਛੋਟੀ ਬੱਚੀ ਨੂੰ ਮੇਰੇ ਲਈ ਅਗਵਾ ਕਰ ਸਕਦੀ ਹੈਂ? ਕੀ ਉਹ ਇੱਕ ਛੋਟੀ ਜਿਹੀ ਪਿਆਰੀ ਚੀਜ ਨਹੀਂ ਹੈ? ਕੀ ਤੂੰ ਮੇਰੇ ਨਾਲ ਘਰ ਜਾਣਾ ਅਤੇ ਮੇਰੀ ਛੋਟੀ ਸਾਰਾਹ ਨਾਲ ਖੇਡਣਾ ਪਸੰਦ ਕਰੇਂਗੀ, ਲਗਭਗ ਏਨੀ ਕੁ ਲੰਮੀ ਹੈ? ਔਹ, ਕੀ ਤੂੰ ਚਲੇਂਗੀ? ਮੈਂ ਤੇਰੇ ਲਈ ਚਾਹੁੰਦਾ ਹਾਂ,. ਉਹ ਲਗਭਗ ਤੇਰੇ ਹੀ ਜਿੰਨੀ ਹੈ ਅਤੇ ਉਹ ਪਿਤਾ ਦੀ ਛੋਟੀ ਲੜਕੀ ਹੈ । ਊਂ-ਹੂੰ । ਹਮ । ਅਤੇ ਮੈਂ ਸ਼ਰਤ ਲਗਾਉਂਦਾ ਹਾਂ ਕਿ ਤੂੰ ਵੀ ਆਪਣੇ ਪਿਤਾ ਨੂੰ ਪ੍ਰੇਮ ਕਰਦੀ ਹੈਂ, ਕੀ ਤੂੰ ਨਹੀਂ ਕਰਦੀ? ਮਾਂ? ਔਹ, ਯਕੀਨਨ ਤੂੰ ਕਰਦੀ ਹੈਂ । ਮੈਂ ਇਥੇ ਖਲੋ ਕੇ ਉਸ ਛੋਟੀ ਪਿਆਰੀ ਲੜਕੀ ਵਲ੍ਹ ਵੇਖ ਰਿਹਾ ਹਾਂ । ਛੋਟੀਆਂ ਅੱਖਾਂ ਇੰਝ ਲਗਦੀਆਂ ਹਨ ਜਿਵੇਂ ਚਾਦਰ ਵਿੱਚ ਦੋ ਬਲਦੇ ਹੋਏ ਸੁਰਾਖ ਹੋਣ ਅਤੇ ਛੋਟੇ ਭੂਰੇ ਵਾਲ ਹਨ ।

40 ਮੈਂ ਛੋਟੇ ਬੱਚਿਆਂ ਨੂੰ ਪ੍ਰੇਮ ਕਰਦਾ ਹਾਂ । ਮੇਰੇ ਘਰ ਵਿੱਚ ਦੋ ਛੋਟੀਆਂ ਲੜਕੀਆਂ ਹਨ । ਉਹਨਾਂ ਵਿਚੋਂ ਇੱਕ ਰਿਬਕਾਹ ਹੈ ਅਤੇ ਦੂਸਰੀ ਸਾਰਾਹ ਹੈ ।

41 ਕੁਝ ਸਮਾਂ ਪਹਿਲਾਂ ਮੈਂ ਬਾਹਰ ਸੀ। ਉਹ ਦੋਵੇਂ ਪਿਤਾ ਦੀਆਂ ਛੋਟੀਆਂ ਲਾਡਲੀਆਂ ਹਨ, ਤੁਸੀਂ ਜਾਣਦੇ ਹੋ ਅਤੇ ਮੈਂ ਉਨ੍ਹਾਂ ਨੂੰ ਪ੍ਰੇਮ ਕਰਦਾ ਹਾਂ। ਅਤੇ ਜਿਵੇਂ ਹੀ ਉਹ ਅੰਦਰ ਆਉਂਦੀਆਂ ਹਨ ਮੈਨੂੰ ਉਹਨਾਂ ਨੂੰ ਕੰਧਾੜੇ ਤੇ ਚੁੱਕਣਾ ਪੈਂਦਾ ਹੈ ਅਤੇ...ਸਿਰਫ ਬੈਕੀ ਇਸ ਦੇ ਲਈ ਬਹੁਤ ਵੱਡੀ ਹੈ; ਉਹ ਮੇਰੇ ਜਿੰਨੀ ਵੱਡੀ ਹੈ। ਹੁਣ ਉਹ ਮੇਰਾ ਲੱਕ ਤੋੜ ਦਵੇਗੀ; ਉਹ ਹੈ...ਪਰ ਜੋ ਵੀ ਹੋਵੇ, ਉਹ ਤਾਂ ਅਜੇ ਵੀ ਪਿਤਾ ਦੀ ਲਾਡਲੀ ਬੇਟੀ ਹੈ। ਅਤੇ ਹੁਣ ਲਗਭਗ ਇੱਕ ਸਾਲ ਬਾਅਦ ਅਸੀਂ ਉਸ ਨੂੰ ਬਾਈਬਲ ਸਕੂਲ ਵਿੱਚ ਭੇਜਣਾ ਚਾਹੁੰਦੇ ਹਾਂ ਅਤੇ ਜਨਤਕ ਸਕੂਲ ਤੋਂ ਦੂਰ ਕਰਨਾ ਚਾਹੁੰਦੇ ਹਾਂ।

42 ਅਤੇ ਫੇਰ, ਤੁਸੀਂ ਜਾਣਦੇ ਹੋ, ਉਹ ਪਿਤਾ ਦੀ ਘਰ ਆਉਣ ਦੇ ਲਈ ਉਡੀਕ ਕਰ ਰਹੀਆਂ ਸਨ। ਮੈਂ ਬਾਹਰ ਸਭਾਵਾਂ ਵਿੱਚ ਹੋਵਾਂਗਾ। ਅਤੇ ਕਲ੍ਹ ਰਾਤ ਉਹ ਅੱਧੀ ਰਾਤ ਤੱਕ ਮੇਰੇ ਆਉਣ ਦੀ ਉਡੀਕ ਕਰਣਗੀਆਂ। ਅਤੇ ਇਸ ਲਈ, ਮੈਂ ਸਵੇਰੇ ਸਵਖਤੇ ਹੀ ਆ ਗਿਆ ਲਗਭਗ ਤਿੰਨ ਜਾਂ ਚਾਰ ਵਜੇ। ਅਤੇ ਮਾਂ ਨੇ ਦਰਵਾਜਾ ਖੋਲਿਆ ਅਤੇ ਮੈਨੂੰ ਅੰਦਰ ਆਉਣ ਦਿੱਤਾ ਅਤੇ ਮੈਂ ਬਹੁਤ ਥੱਕਿਆ ਅਤੇ ਹੰਭਿਆ ਹੋਇਆ ਸੀ, ਮੈਂ...ਇਸ ਮੰਚ ਉੱਤੇ ਮੈਂ... ਜਦੋਂ...ਮਸ਼ਹ ਹੁੰਦਾ ਹੈ ਤਾਂ ਵਧੀਆ ਮਹਿਸੂਸ ਹੁੰਦਾ ਹੈ, ਪਰ ਜਦੋਂ ਤੁਹਾਨੂੰ ਇੱਕ ਵਾਰ ਛੱਡਦਾ ਹੈ ਤਾਂ ਇਥੇ ਹੀ ਤੁਸੀਂ ਮੁਸੀਬਤ ਵਿੱਚ ਪੈ ਜਾਂਦੇ ਹੋ। ਕਿੰਨੀਆ ਨੂੰ ਇਸ ਬਾਰੇ ਪਤਾ ਸੀ? ਕਿਓਂ, ਯਕੀਨਨ ਇਹ ਹੈ।

43 ਵੇਖੋ। ਜਦੋਂ ਏਲੀਯਾਹ ਪਹਾੜ ਦੇ ਉੱਤੇ ਗਿਆ ਅਤੇ ਅਕਾਸ਼ੋਂ ਅੱਗ ਬੁਲਾਈ, ਆਕਾਸ਼ ਵਿਚੋਂ ਵਰਖਾ ਬੁਲਾਈ ਅਤੇ ਫੇਰ ਜਦੋਂ ਆਤਮਾ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਉਹ ਉਜਾੜ ਵਿੱਚ ਚਾਲੀ ਦਿਨ ਭੱਟਕਦਾ ਫਿਰਿਆ ਅਤੇ ਪਰਮੇਸ਼ੁਰ ਨੇ ਓਸ ਨੂੰ ਲੱਭ ਲਿਆ, ਕਿਸੇ ਥਾਂ ਇੱਕ ਗੁਫ਼ਾ ਅੰਦਰ ਦੁਬਕ ਕੇ ਬੈਠਾ ਸੀ।

44 ਯੂਨਾਹ, ਉਹ ਗਿਆ ਇੱਕ ਮੱਛੀ ਦੇ ਢਿੱਡ ਵਿੱਚ ਤਿੰਨ ਦਿਨ ਅਤੇ ਤਿੰਨ ਰਾਤਾਂ ਜਿਉਂਦਾ ਰਿਹਾ, ਕਿਸੇ ਕਿਨਾਰੇ ਉੱਤੇ ਉਸ ਨੂੰ ਉਗਲੱਛ ਦਿੱਤਾ ਗਿਆ ਅਤੇ ਇਧਰ-ਉਧਰ ਪਰਚਾਰ ਕਰਨ ਲਗਾ। ਪੂਰੇ ਸ਼ਹਿਰ ਨੇ ਤੌਬਾ ਕੀਤੀ ਅਤੇ ਪਰਮੇਸ਼ੁਰ ਕੋਲ ਆ ਗਏ। ਅਤੇ ਜਦੋਂ ਮਸ਼ਹ ਓਸ ਨੂੰ ਛੱਡ ਕੇ ਗਿਆ ਤਾਂ ਉਹ ਇੱਕ ਪਹਾੜੀ ਦੀ ਚੋਟੀ ਤੇ ਚੜ੍ਹ ਗਿਆ ਅਤੇ ਪਰਮੇਸ਼ੁਰ ਨੂੰ ਕਿਹਾ ਕਿ ਉਸਦੀ ਜਿੰਦਗੀ ਲੈ ਲਵੇ। ਸਮਝੇ?

45 ਜਿਆਦਾ ਸਮਾਂ ਨਹੀਂ ਹੋਇਆ ਮੈਂ ਵਿਲੀਅਮ ਕੋਵਪਰ ਦੀ ਕਬਰ ਦੇ ਲਾਗੇ ਖੜਾ ਸੀ ਜਿਸਨੇ ਉਹ ਮਸ਼ਹੂਰ ਭਜਨ ਲਿਖਿਆ ਸੀ ਜਿਸ ਨੂੰ ਅਸੀਂ ਪ੍ਰਭੂ ਭੋਜ ਦੀ ਬੰਦਗੀ ਤੇ ਗਾਉਂਦੇ ਹਾਂ:

> ਲਹੂ ਨਾਲ ਭਰਿਆ ਹੋਇਆ ਇੱਕ ਚਸ਼ਮਾ ਹੈ,
> ਜੋ ਇਮਾਨੂੰਏਲ ਦੀਆਂ ਨਸਾਂ ਵਿਚੋਂ ਵਹਿੰਦਾ ਹੈ,
> ਪਾਪੀ ਉਸ ਹੜ੍ਹ ਦੇ ਵਿੱਚ ਗੋਤਾ ਲਗਾਉਂਦੇ ਹਨ...

46 ਕੀ ਤੁਸੀਂ ਕਦੇ ਸੁਣਿਆ...ਕਿ ਉਸਦੇ ਨਾਲ ਕੀ ਹੋਇਆ ਸੀ? ਜਦੋਂ ਉਸ ਨੂੰ ਪ੍ਰੇਰਣਾ ਛੱਡ ਕੇ ਚਲੀ ਗਈ ਤਾਂ ਉਹ ਖੁਦਕੁਸ਼ੀ ਕਰਨ ਦੇ ਲਈ ਨਦੀ ਲੱਭਣ ਦੀ ਕੋਸ਼ਿਸ ਕਰਨ ਲਗਾ।

47 ਮੈਂ ਪੁਰਾਣੇ ਕੰਟਕੀ ਘਰ ਤੋਂ ਠੀਕ ਪਾਰ ਰਹਿੰਦਾ ਹਾਂ। ਅਤੇ ਸਟੀਫਨ ਫੋਸਟਰ ਨੇ ਅਮਰੀਕਾ ਨੂੰ ਸਭ ਤੋਂ ਮਸ਼ਹੂਰ ਲੋਕਗੀਤ ਦਿੱਤੇ। ਅਤੇ ਜਦੋਂ ਉਹ ਲਿਖਦਾ ਤਾਂ ਉਹ ਪ੍ਰੇਰਣਾ ਨੂੰ ਲੈਂਦਾ ਅਤੇ ਉਸ ਪ੍ਰੇਰਣਾ ਦੇ ਨਾਲ ਇੱਕ ਗੀਤ ਲਿੱਖਦਾ, ਫੇਰ ਜਦੋਂ ਉਹ ਉਸ ਪ੍ਰੇਰਣਾ ਤੋਂ ਬਾਹਰ

ਆਉਂਦਾ ਤਾਂ ਉਹ ਨਸ਼ੇ ਵਿੱਚ ਚਲਾ ਜਾਂਦਾ। ਅੰਤ, ਉਸਨੇ ਇੱਕ ਨੌਕਰ ਨੂੰ ਬੁਲਾਇਆ ਅਤੇ ਇੱਕ ਉਸਤਰਾ ਲੈ ਕੇ ਖੁਦਕੁਸ਼ੀ ਕਰ ਲਈ।

48 ਲੋਕ ਨਹੀਂ ਜਾਣਦੇ ਕਿ ਉਹ ਲੋਕ ਜੋ ਆਤਮਿਕ ਦਾਇਰੇ ਵਿੱਚ ਰਹਿੰਦੇ ਹਨ ਉਹ ਕਿਹੜੀਆਂ ਚੀਜਾਂ ਵਿਚੋਂ ਲੰਘਦੇ ਹਨ। ਹੁਣ ਇਥੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਪਹਾੜ ਨੂੰ ਹੱਟਾ ਸਕਦੇ ਹੋ ਪਰ ਜਰਾ ਅਭਿਸ਼ੇਕ ਨੂੰ ਆਪਣੇ ਤੋਂ ਜਾ ਲੈਣ ਦਿਓ ਅਤੇ ਦਰਵਾਜੇ ਤੋਂ... ਜੇਕਰ ਉਥੇ ਤੁਹਾਨੂੰ ਫੜਨ ਦੇ ਲਈ ਕੋਈ ਨਹੀਂ ਹੈ...ਸਮਝੇ? ਅਤੇ ਫੇਰ ਹੋ ਸਕਦਾ ਹੈ ਕਿ ਕੁਝ ਘੰਟਿਆਂ ਤੱਕ ਤੁਸੀਂ ਮਸਾਂ ਹੀ ਇਹ ਜਾਣ ਸਕੋ ਅਤੇ ਹੈਰਾਨ ਹੁੰਦੇ ਰਹੋ ਕਿ ਤੁਸੀਂ ਕਿਥੇ ਹੋ। ਅਤੇ ਰਾਤ ਬਰ ਰਾਤ ਇਹ ਤੁਹਾਡੇ ਵਿਚੋਂ ਤੁਹਾਡਾ ਬਿਹਤਰੀਨ ਹਿੱਸਾ ਲੈ ਲੈਂਦਾ ਹੈ।

49 ਅਤੇ ਥੋੜਾ...ਤੁਹਾਨੂੰ ਛੋਟੀ ਸਾਰਾਹ ਅਤੇ ਰਿਬਕਾਹ ਬਾਰੇ ਦੱਸਣਾ ਚਾਹੁੰਦਾ ਹਾਂ। ਇਸ ਲਈ ਅਗਲੀ ਸਵੇਰ ਮੈਂ ਸੌਂ ਨਹੀਂ ਸਕਿਆ ਅਤੇ ਉਠਿਆ ਅਤੇ ਇੱਕ ਕੁਰਸੀ ਉੱਤੇ ਬੈਠਾ ਹੋਇਆ ਸੀ ਅਤੇ ਕੁਝ ਦੇਰ ਬਾਅਦ ਬੈਕੀ ਜੋ ਦੋਨਾਂ ਵਿਚੋਂ ਵੱਡੀ ਹੈ, ਉਸਦੀਆਂ ਲੱਤਾਂ ਸਾਰਾਹ ਨਾਲੋਂ ਲੰਮੀਆਂ ਸਨ ਅਤੇ ਇਸਲਈ ਬੈਕੀ ਦੋੜ੍ਹਦੀ ਹੋਈ ਆਈ...ਉਹ ਜਾਗੀ, ਬਿਸਤਰ ਤੋਂ ਕੁੱਦੀ, ਆਪਣੀ ਛੋਟੀ ਭੈਣ ਨੂੰ ਨਹੀਂ ਜਗਾਇਆ ਅਤੇ ਉਹ ਸਾਰੇ ਘਰ ਵਿਚੋਂ ਜਿੰਨੇ ਜੋਰ ਨਾਲ ਉਹ ਦੋੜ੍ਹ ਸਕਦੀ ਸੀ ਉਹ ਦੋੜ੍ਹਦੀ ਹੋਈ ਆਈ। ਉਹ ਕਹਿ ਰਹੀ ਸੀ, "ਡੈਡੀ, ਡੈਡੀ..." ਮੈਂ ਆਪਣੀ ਇੱਕ ਲੱਤ ਨੂੰ ਬਾਹਰ ਨੂੰ ਵਧਾਇਆ ਅਤੇ ਉਹ ਛਾਲ ਮਾਰ ਕੇ ਉਸ ਦੇ ਉੱਤੇ ਬੈਠ ਗਈ, ਬਹੁਤ ਸਹੀ ਤਰੀਕੇ ਨਾਲ ਬੈਠ ਗਈ। ਆਧੁਨਿਕ ਕਲੀਸਿਯਾ ਦੀ ਤਰਾਂ, ਤੁਸੀਂ ਜਾਣਦੇ ਹੋ ਇਹ ਕਾਫੀ ਲਮੇਂ ਸਮੇਂ ਤੋਂ ਖੇਡ ਰਹੀ ਹੈ, ਤੁਸੀਂ ਜਾਣਦੇ ਹੋ ਕਿ ਕਈ ਸੌ ਸਾਲਾਂ ਤੋਂ। ਉਹ ਆਪਣੇ ਆਪ ਨੂੰ ਠੀਕ ਤਰੀਕੇ ਨਾਲ ਸੰਤੁਲਿਤ ਕਰ ਸਕਦੀ ਸੀ ਅਤੇ ਉਸਨੇ ਆਪਣੀਆਂ ਬਾਹਾਂ ਮੇਰੇ ਆਲੇ ਦੁਆਲੇ ਪਾ ਲਈਆਂ ਅਤੇ ਕਿਹਾ, "ਔਹ, ਮੇਰੇ ਡੈਡੀ, ਮੇਰੇ ਡੈਡੀ..."

50 ਅਤੇ ਛੋਟੀ ਸਾਰਾਹ ਇਸ ਰੌਲੇ ਨਾਲ ਜਾਗ ਗਈ। ਅੱਛਾ, ਮੈਂ ਨਹੀਂ ਜਾਣਦਾ ਕਿ ਤੁਹਾਡੇ ਬੱਚੇ ਇਸ ਤਰਾਂ ਕਰਦੇ ਹਨ ਜਾਂ ਨਹੀਂ ਪਰ ਮੇਰੇ ਕਰਦੇ ਹਨ: ਵੱਡੇ ਬੱਚਿਆਂ ਦੇ ਪਹਿਣੇ ਹੋਏ ਕਪੜੇ ਛੋਟੇ ਬੱਚਿਆਂ ਨੂੰ ਮਿਲਦੇ ਹਨ। ਇਸ ਲਈ ਸਾਰਾਹ ਨੇ ਬੈਕੀ ਦਾ ਪਜਾਮਾ ਪਹਿਣਿਆ ਹੋਇਆ ਸੀ, ਤੁਸੀਂ ਜਾਣਦੇ ਹੋ ਉਸ ਦੇ ਪੈਰ ਬਹੁਤ ਜਿਆਦਾ ਲਮੇਂ ਸਨ। ਅਤੇ ਉਹ ਵਿਚਾਰੀ ਛੋਟੀ ਜਿਹੀ ਡਿੱਗਦੀ ਅਤੇ ਲੜ੍ਹਖੜ੍ਹਾਂਦੀ ਹੋਈ ਆਈ। ਅਤੇ ਉਹ ਉਥੇ ਥੋੜੀ ਦੇਰ ਨਾਲ ਪਹੁੰਚੀ। ਇਸ ਲਈ ਬੈਕੀ ਮੁੜ੍ਹੀ ਅਤੇ ਕਿਹਾ, "ਮੈਂ ਇਥੇ ਪਹਿਲਾਂ ਆਈ। ਅਤੇ ਇਸ ਲਈ ਮੇਰਾ ਇੱਕਲੀ ਦਾ ਅਧਿਕਾਰ ਹੈ। ਇਸ ਲਈ ਮੈਂ ਪਿਤਾ ਜੀ ਨੂੰ ਸਾਰੇ ਦਾ ਸਾਰਾ ਲੈ ਲਿਆ ਹੈ ਅਤੇ ਤੇਰੇ ਲਈ ਕੁਝ ਨਹੀਂ ਬੱਚਿਆ"।

51 ਇਸ ਤਰਾਂ ਹੀ ਕੁਝ ਲੋਕ ਧਰਮ ਦੇ ਬਾਰੇ ਸੋਚਣ ਦੀ ਕੋਸ਼ਿਸ ਕਰਦੇ ਹਨ, ਕੀ ਇਹ ਨਹੀਂ ਹੈ? ਉਂ-ਹੂੰ। ਇਹ ਠੀਕ ਹੈ।

52 ਅਤੇ ਵਿਚਾਰੀ ਛੋਟੀ ਸਾਰਾਹ ਨੇ ਆਪਣੇ ਬੁਲ੍ਹ ਉੱਟੇਰ ਲਏ ਅਤੇ ਉਸ ਦੀਆਂ ਛੋਟੀਆਂ ਕਾਲੀਆਂ ਅੱਖਾਂ ਨੇ ਮੇਰੇ ਵਲ੍ਹ ਵੇਖਿਆ ਅਤੇ ਉਸਨੇ ਰੋਣਾ ਸ਼ੁਰੂ ਕਰ ਦਿੱਤਾ। ਅਤੇ ਬੈਕੀ ਨੇ ਆਪਣੀ ਗਲ੍ਹ ਮੇਰੀ ਗਲ੍ਹ ਨਾਲ ਲਗਾਈ ਹੋਈ ਸੀ, ਮੈਨੂੰ ਗਲਵਕੜੀ ਪਾਈ ਹੋਈ ਸੀ। ਮੈਂ ਉਸ ਨੂੰ ਪ੍ਰੇਮ ਕਰਦਾ ਹਾਂ। ਅਤੇ ਸਾਰਾਹ ਨੇ ਦੂਰ ਜਾਣਾ ਸ਼ੁਰੂ ਕਰ ਦਿੱਤਾ ਕਿਓਂਕਿ ਬੈਕੀ ਨੇ ਉਸਦਾ ਪੂਰਾ ਡੈਡੀ ਲੈ ਲਿਆ ਸੀ। ਅਤੇ ਮੈਂ ਦੂਸਰੇ ਗੋਡੇ ਨੂੰ *ਇਸ* ਤਰਾਂ ਖਿਸਕਾਇਆ ਅਤੇ ਉਸ ਨੂੰ *ਇਸ* ਤਰਾਂ ਇਸ਼ਾਰਾ ਕੀਤਾ। ਔਹ, ਉਹ ਛੇਤੀ ਨਾਲ ਉਤਸ਼ਾਹਿਤ ਹੋ ਗਈ ਅਤੇ ਦੋੜੀ, ਛਾਲ ਮਾਰ ਕੇ ਮੇਰੇ ਗੋਡੇ ਉੱਤੇ ਚੜ੍ਹ ਗਈ...ਉਹ ਜਿਆਦਾ ਚਿਰ ਤੋਂ ਉਥੇ ਨਹੀਂ ਸੀ ਅਤੇ ਉਸ

ਦੀਆਂ ਲੱਤਾਂ ਵੀ ਫਰਸ਼ ਤੇ ਨਹੀਂ ਪਹੁੰਚ ਰਹੀਆਂ ਸਨ । ਉਹ ਇੱਕ ਤਰਾਂ ਨਾਲ ਡਾਵਾਂਡੋਲ ਸੀ (ਸਾਇਦ ਜਿਵੇਂ ਮੈਂ ਹਾਂ, ਤੁਸੀਂ ਜਾਣਦੇ ਹੋ ਬੱਸ ਥੋੜਾ ਜਿਹਾ ਡਾਵਾਂਡੋਲ), ਅਤੇ ਉਹ…ਫਰਸ਼ ਤੇ ਨਹੀਂ ਪਹੁੰਚ ਰਹੇ ਸਨ । ਉਹ ਇੱਕ ਵੱਡੀ ਫਿਰਕਾਪ੍ਰਸ਼ਤ ਕਲੀਸਿਯਾ ਨਹੀਂ ਸੀ, ਤੁਸੀਂ ਜਾਣਦੇ ਹੋ, ਅਤੇ ਉਹ ਠੋਸ ਫਰਸ਼ ਤੱਕ ਨਹੀਂ ਪਹੁੰਚ ਸਕਦੀ ਸੀ । ਉਹ ਜਿਆਦਾ ਚਿਰ ਤੋਂ ਉਥੇ ਨਹੀਂ ਸੀ ।

53 ਅਤੇ ਇਸ ਲਈ ਉਹ ਡਾਵਾਂਡੋਲ ਸੀ ਅਤੇ ਮੈਂ ਆਪਣੀਆਂ ਬਾਹਾਂ *ਇਸ* ਤਰਾਂ ਉਸ ਦੇ ਦੁਆਲੇ ਪਾ ਲਈਆਂ ਅਤੇ ਉਸ ਨੂੰ ਜੱਫੀ ਪਾ ਕੇ ਆਪਣੇ ਨਾਲ ਲਾ ਲਿਆ, ਅਤੇ ਉਸ ਨੇ ਆਪਣੀਆਂ ਉਹ ਛੋਟੀਆਂ ਅੱਖਾਂ ਚਮਕਾ ਕੇ ਰਿਬਕਾਹ ਵਲ੍ਹ ਵੇਖਿਆ । ਉਸਨੇ ਕਿਹਾ, "ਰਿਬਕਾਹ, ਮੇਰੀ ਭੈਣ," ਉਸ ਨੇ ਕਿਹਾ, "ਇਹ ਹੋ ਸਕਦਾ ਹੈ ਕਿ ਤੂੰ ਡੈਡੀ ਨੂੰ ਸਾਰਾ ਲੈ ਲਿਆ ਹੈ ਪਰ ਮੈਂ ਚਾਹੁੰਦੀ ਹਾਂ ਕਿ ਤੂੰ ਇੱਕ ਚੀਜ ਜਾਣ ਲੈ ਕਿ ਡੈਡੀ ਨੇ ਮੈਨੂੰ ਸਾਰਾ ਲੈ ਲਿਆ ਹੈ" । ਇਸ ਲਈ…

54 ਇਹ…ਬੱਸ ਇਸ ਤਰਾਂ ਉਸ ਨੇ ਮੈਨੂੰ ਸਾਰੇ ਦਾ ਸਾਰਾ ਲੈ ਲਿਆ ਹੈ । ਹੋ ਸਕਦਾ ਹੈ ਕਿ ਮੇਰੇ ਕੋਲ ਵੱਡੀਆਂ ਚੀਜਾਂ ਨੂੰ ਪਾਉਣ ਦੇ ਲਈ ਪੜ੍ਹਾਈ ਨਾ ਹੋਵੇ ਪਰ ਜਿੰਨਾਂ ਚਿਰ ਮੈਂ ਇਹ ਜਾਣਦਾ ਹਾਂ ਕਿ ਉਸਨੇ ਮੈਨੂੰ ਸਾਰਾ ਲਿਆ ਹੋਇਆ ਹੈ, ਮੇਰੀ ਡਾਵਾਂਡੋਲ ਹਾਲਤ ਵਿੱਚ, ਬੱਸ ਉਸ ਨੂੰ ਆਪਣੀਆਂ ਦੋਹਾਂ ਬਾਹਾਂ ਨੂੰ ਮੇਰੇ ਆਲੇ ਦੁਆਲੇ ਪਾਉਣ ਦਿਓ, ਇਸ ਨਾਲ ਮੈਨੂੰ ਵਧਿਆ ਮਹਿਸੂਸ ਕਰਾਂਗਾ ।

55 ਖੈਰ, ਇਸ ਤੋਂ ਪਹਿਲਾਂ ਕਿ ਅਸੀਂ ਵਚਨ ਨੂੰ ਖੋਲੀਏ ਆਓ ਉਸ ਅੱਗੇ ਪ੍ਰਾਰਥਨਾ ਦੇ ਕੁਝ ਸ਼ਬਦ ਭੇਟ ਕਰੀਏ ।

56 ਹੁਣ, ਸਵਰਗੀ ਪਿਤਾ, ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਵੀ ਬੱਚਿਆਂ ਜਿਹੇ ਹੀ ਹਾਂ । ਅਤੇ ਤੂੰ ਸਾਡੇ ਨਾਲ ਰਹਿਣਾ ਅਤੇ ਅਰਾਧਨਾ ਕਰਨੀ ਪਸੰਦ ਕਰਦਾ ਹੈਂ । ਅਤੇ ਜਿਵੇਂ ਅਸੀਂ ਤੇਰੀ ਅਰਾਧਨਾ ਕਰਦੇ ਹਾਂ ਅਤੇ ਤੂੰ ਸਾਨੂੰ ਪ੍ਰੇਮ ਕਰਦਾ ਹੈਂ ਅਤੇ ਸਾਨੂੰ ਆਪਣੀਆਂ ਬਾਹਾਂ ਵਿੱਚ ਲਪੇਟਦਾ ਹੈਂ ਅਤੇ ਆਪਣੀ ਪਵਿੱਤਰ ਆਤਮਾ ਨੂੰ ਹੇਠਾਂ ਭੇਜਦਾ ਹੈਂ ਅਤੇ ਸਾਨੂੰ ਇਸ ਤੋਂ ਜਾਣੂ ਕਰਵਾਉਂਦਾ ਹੈਂ ਕਿ ਤੂੰ ਜਿਉਂਦਾ ਹੈ ਅਤੇ ਤੂੰ ਹੀ ਸਾਡਾ ਪਿਤਾ ਹੈਂ, ਅਸੀਂ ਤੇਰਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ । ਹੁਣ, ਅੱਜ ਰਾਤ ਪਵਿੱਤਰ ਆਤਮਾ ਨੂੰ ਸਾਡੇ ਕੋਲ ਆਉਣ ਦੇ । ਹਰੇਕ ਹਿਰਦੇ ਨੂੰ ਪ੍ਰੇਮ ਕਰ, ਪ੍ਰਭੂ । ਸਾਨੂੰ ਇੱਕ ਤਾਜ਼ੀ ਬਰਕਤ ਦੇ । ਪਿਤਾ, ਸਾਡੇ ਉੱਤੇ ਦਯਾ ਦੀ ਤ੍ਰੇਲ ਦੀਆਂ ਬੂੰਦਾ ਛਿੜਕ । ਸਾਡੇ ਪਾਪਾਂ ਵਲ ਨਾ ਵੇਖ । ਉਹ ਬਹੁਤ ਜਿਆਦਾ ਹਨ । ਪ੍ਰਭੂ, ਬੱਸ ਉਹਨਾਂ ਨੂੰ ਮਾਫ਼ ਕਰ ਦੇ । ਪਿਤਾ, ਉਹਨਾਂ ਨੂੰ ਭੁਲਾ ਦੇ ਅਤੇ ਸਾਨੂੰ ਆਪਣੀਆਂ ਬਾਹਾਂ ਵਿੱਚ ਲੈ ਅਤੇ ਸਾਡੀਆਂ ਬਿਮਾਰੀਆਂ ਤੋਂ ਸਾਨੂੰ ਚੰਗਾਈ ਦੇ ਅਤੇ ਸਾਡੇ ਪ੍ਰਾਣਾਂ ਨੂੰ ਸਾਫ਼ ਕਰ ਅਤੇ ਸਾਡੀਆਂ ਰੂਹਾਂ ਨੂੰ ਆਜ਼ਾਦ ਕਰ, ਪ੍ਰਭੂ, ਤਾਂਕਿ ਅਸੀਂ ਤੇਰੀ ਅਰਾਧਨਾ ਅਤੇ ਮਹਿਮਾ ਕਰ ਸਕੀਏ, ਉਹਨਾਂ ਬੱਚਿਆਂ ਜਿਹੇ ਹੋਈਏ ਜੋ ਘਰ ਵਿੱਚ ਇਧਰ ਓਧਰ ਦੋੜ੍ਹਦੇ ਫਿਰਦੇ ਹਨ ਬੱਸ ਇਹ ਜਾਣਦੇ ਹੋਏ ਕਿ ਸਾਡਾ ਪਿਤਾ ਸਾਨੂੰ ਵੇਖ ਰਿਹਾ ਹੈ । ਇਹ ਬਖਸ ਦੇ, ਪ੍ਰਭੂ ।

57 ਹੁਣ, ਕੋਈ ਵੀ ਮਨੁੱਖ ਵਚਨ ਦਾ ਅਨੁਵਾਦ ਨਹੀਂ ਕਰ ਸਕਦਾ ਹੈ । ਸਾਨੂੰ ਇਹ ਅਹਿਸਾਸ ਹੈ । ਯੂਹੰਨਾ ਨੇ ਪੁਸਤਕ ਨੂੰ ਉਹਦੇ ਹੱਥ ਵਿੱਚ ਵੇਖਿਆ ਜੋ ਸਿੰਘਾਸਣ ਉੱਤੇ ਬਿਰਾਜਮਾਨ ਸੀ, ਅਤੇ ਉਥੇ ਸਵਰਗ ਵਿੱਚ ਜਾਂ ਧਰਤੀ ਉੱਤੇ ਜਾਂ ਧਰਤੀ ਦੇ ਹੇਠਾਂ ਕੋਈ ਵੀ ਮਨੁੱਖ ਨਹੀਂ ਸੀ ਜੋ ਉਸ ਪੁਸਤਕ ਨੂੰ ਲੈ ਕੇ ਖੋਲਣ ਜਾਂ ਮੋਹਰਾਂ ਨੂੰ ਖੋਲਣ ਦੇ ਯੋਗ ਸੀ । ਅਤੇ ਉਥੇ ਇੱਕ ਲੇਲਾ ਆਇਆ ਜਿਸ ਨੂੰ ਧਰਤੀ ਦੀ ਨੀਂਹ ਰੱਖਣ ਤੋਂ ਹੀ ਘਾਤ ਕੀਤਾ ਗਿਆ ਸੀ । ਅਤੇ ਉਹ ਯੋਗ

ਸੀ । ਅਤੇ ਉਸ ਨੇ ਪੁਸਤਕ ਨੂੰ ਲਿਆ ਅਤੇ ਮੋਹਰਾਂ ਨੂੰ ਖੋਲ ਦਿੱਤਾ । ਹੇ ਲੇਲੇ, ਅੱਜ ਰਾਤ ਆ ਜਾ । ਪਿਤਾ, ਸਾਡੇ ਲਈ ਪੁਸਤਕ ਨੂੰ ਖੋਲ ਦੇ ਕਿਉਂਕਿ ਅਸੀਂ ਤੇਰੀ ਉਡੀਕ ਕਰ ਰਹੇ ਹਾਂ, ਅਸੀਂ ਇਹ ਯਿਸੂ, ਪਰਮੇਸ਼ੁਰ ਦੇ ਲੇਲੇ ਦੇ ਨਾਂ ਵਿੱਚ ਮੰਗਦੇ ਹਾਂ । ਆਮੀਨ ।

58 ਅੱਜ ਰਾਤ ਮੈਂ ਇੱਕ ਤਿੰਨ ਸ਼ਬਦਾਂ ਦੀ ਛੋਟੀ ਜਿਹੀ ਪਵਿੱਤਰ ਲਿੱਖਤ ਨੂੰ ਚੁਣਿਆ ਹੈ । ਪਰ ਪਹਿਲਾਂ ਮੈਂ ਸੰਤ ਯੂਹੰਨਾ 11 ਅਧਿਆਏ ਵਿਚੋਂ 23 ਆਇਤ ਤੋਂ ਸ਼ੁਰੂ ਕਰਕੇ ਇੱਕ ਜਾਂ ਦੋ ਆਇਤਾਂ ਪੜ੍ਹਨਾ ਚਾਹੁੰਦਾ ਹਾਂ ।

*ਯਿਸੂ ਨੇ ਉਹ ਨੂੰ ਆਖਿਆ, ਤੇਰਾ ਭਰਾ ਫਿਰ ਤੋਂ ਜੀ ਉੱਠੇਗਾ ।*

*ਮਾਰਥਾ ਨੇ ਉਸ ਨੂੰ ਆਖਿਆ, ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੇਗਾ ।*

*ਯਿਸੂ ਨੇ ਉਹ ਨੂੰ ਕਿਹ, ਕਿਆਮਤ ਤੇ ਜੀਉਣ ਮੈਂ ਹਾਂ: ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਵੀ ਜਾਵੇ ਤਾਂ ਵੀ ਜੀਵੇਗਾ:*

*ਅਤੇ ਹਰ ਕੋਈ ਜਿਹੜਾ ਜਿਉਂਦਾ ਹੈ ਅਤੇ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਨਹੀਂ ਮਰੇਗਾ । ਕੀ ਤੂੰ ਇਹ ਵਿਸ਼ਵਾਸ ਕਰਦੀ ਹੈਂ?*

*ਉਨ ਉਸ ਨੂੰ ਆਖਿਆ, ਹਾਂ, ਪ੍ਰਭੂ, ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ੁਰ ਦਾ ਪੁੱਤ੍ਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ ।*

59 ਅਤੇ ਇੱਕ ਵਿਸ਼ੇ ਦੇ ਲਈ ਮੈਂ ਇਹਨਾਂ ਤਿੰਨ ਸ਼ਬਦਾਂ ਨੂੰ ਇਸਤੇਮਾਲ ਕਰਨਾ ਚਾਹੁੰਦਾ ਹਾਂ: ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?

60 ਮੈਂ ਕੁਝ ਸਮਾਂ ਪਹਿਲਾਂ ਇੱਕ ਕਹਾਣੀ ਪੜ੍ਹੀ । ਮੈਂ ਸੋਚਦਾ ਹਾਂ ਕਿ ਇਹ ਇੱਕ ਕਾਲਪਨਿਕ ਕਹਾਣੀ ਹੈ । ਅਤੇ ਮੇਰਾ ਅਨੁਮਾਨ ਹੈ ਕਿ ਲਗਭਗ ਸਾਰੇ ਪ੍ਰਚਾਰਕਾਂ ਨੇ ਡਾਕਟਰ ਇੰਗ੍ਰਾਹਮ ਦੀ ਕਿਤਾਬ *ਦਾਉਦ ਦੇ ਘਰਾਣੇ ਦਾ ਰਾਜਕੁਮਾਰ* ਪੜ੍ਹੀ ਹੈ । ਇਹ ਇੱਕ ਮਹਾਨ ਕਿਤਾਬ ਹੈ, ਇਹ, ਮੈਂ ਸੋਚਦਾ ਹਾਂ, ਇਹ ਛੱਪ ਨਹੀਂ ਰਹੀ ਹੈ । ਮੈਂ ਇਸ ਦੀ ਛਪਾਈ ਚਾਹੁੰਦਾ ਹਾਂ ਤਾਂ ਜੋ ਇਸ ਨੂੰ ਲੋਕਾਂ ਦੇ ਵਿੱਚ ਲਿਆ ਸਕਾਂ ।

61 ਅਤੇ ਉਸ ਵਿੱਚ ਮੈਂ ਲਾਜਰ ਦੇ ਉੱਤੇ ਇੱਕ ਛੋਟਾ ਜਿਹਾ ਲੇਖ ਪੜ੍ਹ ਰਿਹਾ ਸੀ, ਅਤੇ ਯਿਸੂ, ਮਰੀਅਮ, ਅਤੇ ਮਾਰਥਾ ਅਤੇ ਲਾਜਰ ਦੀਆਂ ਭੈਣਾਂ ਉੱਤੇ ਲੇਖ ਨੰ ਪੜ੍ਹ ਰਿਹਾ ਸੀ । ਅਤੇ ਉਸ ਵਿੱਚ ਪੜ੍ਹ ਰਿਹਾ ਸੀ ਕਿ ਯਿਸੂ ਕਿਥੇ ਰਹਿੰਦਾ ਸੀ, ਮੈਂ ਵਿਸ਼ਵਾਸ ਕਰਦਾ ਹਾਂ ਮਾਰਥਾ ਅਤੇ ਮਰੀਅਮ ਨਾਲ । ਉਹ ਦੋਵੇਂ ਸੁੰਦਰ ਇਬਰਾਨੀ ਲੜਕੀਆਂ ਸਨ । ਅਤੇ ਲਾਜਰ ਮੰਦਰ ਵਿੱਚ ਲਿਖਾਰੀ ਬਣਨ ਦੀ ਸਿੱਖਿਆ ਲੈ ਰਿਹਾ ਸੀ, ਜਾਜਕਾਂ ਦੇ ਲਈ ਨਿਯਮਾਂ ਦੇ ਪੱਤਰਿਆਂ ਬਣਾ ਰਿਹਾ ਸੀ ।

62 ਅਤੇ ਯਿਸੂ ਕੋਲ ਇੱਕ ਵਧੀਆ ਸੰਗਤੀ ਸੀ, ਖ਼ਾਸ ਕਰਕੇ ਲਾਜਰ ਨਾਲ । ਅਸੀਂ ਪੁਸਤਕ ਵਿੱਚ ਪੜ੍ਹਦੇ ਹਾਂ ਕਿ ਜੱਦ ਉਹ ਉਹਨਾਂ ਦੇ ਘਰ ਵਿੱਚ ਆਇਆ ਅਤੇ ਮਾਰਥਾ ਉਸ ਦੇ ਵਚਨ ਸੁਣਨ ਲਈ ਢਿੱਲ ਕਰ ਰਹੀ ਸੀ ਪਰ ਉਸ ਨੂੰ ਰਾਤ ਦਾ ਖਾਣਾ ਤਿਆਰ ਕਰਨਾ ਸੀ ਅਤੇ ਮੇਜ ਨੂੰ ਤਿਆਰ ਕਰਨਾ ਸੀ ਪਰ ਮਰੀਅਮ ਉਹਦੇ ਚਰਨਾਂ ਵਿੱਚ ਬੈਠ ਗਈ । ਅਤੇ ਯਿਸੂ ਨੇ ਕਿਹਾ ਕਿ ਮਰੀਅਮ ਨੇ ਬਿਹਤਰ ਕੰਮ ਨੂੰ ਚੁਣਿਆ ਹੈ ।

63 ਅਤੇ ਫਿਰ ਸਾਨੂੰ ਡਾਕਟਰ ਇੰਗ੍ਰਾਹਮ ਦੀ ਕਹਾਣੀ *ਦਾਉਦ ਦੇ ਘਰਾਣੇ ਦਾ ਰਾਜਕੁਮਾਰ ਵਿੱਚ...* ਦੱਸਿਆ ਗਿਆ ਹੈ ਕਿ ਉਹ ਲਾਜਰ ਸੀ ਜੋ ਯਿਸੂ ਨੂੰ ਯੁਹੰਨਾ ਕੋਲ ਲੈ ਕੇ ਆਇਆ। ਪਰ ਹੋ ਸਕਦਾ ਹੈ ਕਿ ਇਹ ਸੱਚ ਨਹੀਂ ਹੈ, ਮੈਂ ਨਹੀਂ ਜਾਣਦਾ ਪਰ ਇਸ ਦੇ ਪਿਛੋਕੜ ਦੇ ਲਈ ਉਸ ਨੂੰ ਉਨ੍ਹਾਂ ਨਾਲ ਰਹਿਣਾ ਚਾਹੀਦਾ ਸੀ।

64 ਹੁਣ, ਅਸੀਂ ਇਸ ਆਉਣ ਵਾਲੇ ਸਗੋਂ ਪਿਛਲੇ ਹਫ਼ਤੇ ਵਿੱਚ ਸਿੱਖ ਰਹੇ ਸੀ ਕਿ ਯਿਸੂ ਨੇ ਸੰਤ ਯੁਹੰਨਾ 5:19 ਵਿੱਚ ਕਿਹਾ, "ਮੈਂ...ਪੁੱਤ੍ਰ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ, ਪਰ ਜੋ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ: ਪੁੱਤ੍ਰ ਵੀ ਉਸੇ ਤਰਾਂ ਕਰਦਾ ਹੈ। ਪਿਤਾ ਹੁਣ ਤੱਕ ਕੰਮ ਕਰਦਾ ਹੈ ਅਤੇ ਪੁੱਤ੍ਰ ਵੀ ਕੰਮ ਕਰਦਾ ਹੈ"। ਸਮਝੇ? "ਉਹ ਪਿਤਾ ਨੂੰ ਕੀ ਕਰਦਿਆਂ ਵੇਖਦਾ ਹੈ"।

65 ਇਸ ਲਈ ਇਸ ਕਹਾਣੀ ਨੂੰ ਅਸਲ ਵਿੱਚ ਸਹੀ ਬਣਾਉਣ ਲਈ, ਪਿਤਾ ਪਰਮੇਸ਼ੁਰ ਨੇ ਆਪਣੇ ਪੁੱਤ੍ਰ, ਯਿਸੂ ਨੂੰ ਕਿਹਾ ਹੋਵੇਗਾ, "ਤੇਰਾ ਮਿੱਤ੍ਰ, ਲਾਜਰ ਮਰਨ ਵਾਲਾ ਹੈ ਪਰ ਇਹ ਭਲੇ ਦੇ ਲਈ ਹੀ ਹੋਣ ਵਾਲਾ ਹੈ, ਇਸ ਲਈ ਤੂੰ ਘਰ ਨੂੰ ਛੱਡ ਦੇ। ਦੂਰ ਚਲਿਆ ਜਾ ਕਿਉਂਕਿ ਤੈਨੂੰ ਉਸ ਦੇ ਲਈ ਪ੍ਰਾਰਥਨਾ ਕਰਨ ਦੇ ਲਈ ਜਾਂ ਉਸ ਨੂੰ ਚੰਗਾ ਕਰਨ ਦੇ ਲਈ ਕਿਹਾ ਜਾਵੇਗਾ ਅਤੇ ਮੈਂ ਨਹੀਂ ਚਾਹੁੰਦਾ ਕਿ ਤੂੰ ਇਹ ਕਰੇਂ"। ਜੇਕਰ ਤੁਸੀਂ ਕਹਾਣੀ ਨੂੰ ਵੇਖੋ, ਜਿਵੇਂ ਜਿਵੇਂ ਇਹ ਅੱਗੇ ਵੱਧਦੀ ਹੈ ਤੁਸੀਂ ਵੇਖੋਗੇ ਕਿ ਇਹ ਇੱਕਠੀ ਹੋ ਕੇ ਉਹ ਸਚਾਈ ਬਣ ਜਾਵੇਗੀ। ਇਸ ਲਈ, ਯਿਸੂ ਕਿਸੇ ਕੁਝ ਦੱਸਣ ਜਾਂ ਚੇਤਾਵਨੀ ਦਿੱਤੇ ਬਗੈਰ ਘਰ ਤੋਂ ਦੂਰ ਚਲ ਪਿਆ ਅਤੇ ਕਿਤੇ ਹੋਰ ਚਲਾ ਗਿਆ, ਉਸ ਰਾਤ ਵਾਪਸ ਨਹੀਂ ਪਰਤਿਆ। ਅਤੇ ਉਹ ਕਿਸੇ ਹੋਰ ਸ਼ਹਿਰ ਵਿੱਚ ਚਲਾ ਗਿਆ। ਅਤੇ ਜਿਵੇਂ ਹੀ ਯਿਸੂ ਨੇ ਘਰ ਨੂੰ ਛੱਡਿਆ, ਮੁਸੀਬਤ ਅੰਦਰ ਆ ਗਈ।

66 ਅਤੇ ਜਦੋਂ ਯਿਸੂ ਤੁਹਾਡੇ ਘਰ ਨੂੰ ਛੱਡਦਾ ਹੈ ਤਾਂ ਮੁਸੀਬਤ ਆਉਣ ਵਾਲੀ ਹੁੰਦੀ ਹੈ। ਬੱਸ ਇਹ ਚੇਤੇ ਰੱਖਣਾ ਕਿ ਜਦੋਂ ਉਹ ਤੁਹਾਡੇ ਘਰ ਨੂੰ ਛੱਡਦਾ ਹੈ ਤਾਂ ਮੁਸੀਬਤ ਆਉਣ ਵਾਲੀ ਹੈ। ਜਦੋਂ ਤੁਸੀਂ ਸਮਾਜਿਕ ਸੰਸਥਾਵਾਂ ਅਤੇ ਹਰੇਕ ਚੀਜ ਨੂੰ ਆਪਣੀ ਕਲੀਸਿਯਾ ਨੂੰ ਪੂਰੀ ਤਰਾਂ ਨਾਲ ਚਲਾਉਣ ਦਿੰਦੇ ਹੋ ਜਿਵੇਂ ਕੋਈ ਵੱਡਾ ਸੋਲਾਂ ਸਲੰਡਰਾਂ ਵਾਲਾ ਰੀਕਨਬੈਕਰ ਲੜਾਕੂ ਜਹਾਜ ਅਤੇ ਤੁਸੀਂ ਯਿਸੂ ਨੂੰ ਕਲੀਸਿਯਾ ਵਿਚੋਂ ਬਾਹਰ ਦਿੰਦੇ ਹੋ, ਜਦੋਂ ਯਿਸੂ ਕਲੀਸਿਯਾ ਤੋਂ ਬਾਹਰ ਚਲਾ ਜਾਂਦਾ ਹੈ ਤਾਂ ਮੁਸੀਬਤ ਆਪਣੇ ਰਾਹ ਤੇ ਹੁੰਦੀ ਹੈ। ਹਾਂ, ਸ੍ਰੀਮਾਨ, ਜਦੋਂ ਯਿਸੂ ਇਕ ਸੰਸਥਾ ਨੂੰ ਛੱਡਦਾ ਹੈ, ਕਿਉਂਕਿ ਉਹ ਉਸ ਨੂੰ ਇੱਕ ਪਾਸੇ ਕਰ ਦਿੰਦੇ ਹਨ ਅਤੇ ਕਹਿੰਦੇ ਹਨ, "ਅੱਛਾ, ਹੁਣ ਅਸੀਂ ਬੱਸ ਇਹ ਵਿਸ਼ਵਾਸ ਨਹੀਂ ਕਰਦੇ ਕਿ ਇਹ ਚੀਜਾਂ ਬਿਲਕੁਲ ਠੀਕ ਹੋ ਸਕਦੀਆਂ ਹਨ," ਅਤੇ ਕਿਸੇ ਹੋਰ ਚੀਜ ਨੂੰ ਅਪਣਾ ਲੈਂਦੇ ਹਨ ਤਾਂ ਮੁਸੀਬਤ ਰਾਹ ਤੇ ਹੁੰਦੀ ਹੈ। ਬੱਸ ਇਹ ਯਾਦ ਰੱਖਣਾ।

67 ਮੈਨੂੰ ਪ੍ਰਭੂ ਯਿਸੂ ਦੀ ਇੱਕ ਕਹਾਣੀ ਯਾਦ ਆਉਂਦੀ ਹੈ ਜੋ ਲੂਕਾ ਦੀ ਕਿਤਾਬ ਵਿੱਚ ਪਾਈ ਜਾਂਦੀ ਹੈ। ਤੁਸੀਂ ਜਾਣਦੇ ਹੋ ਜੱਦ ਉਹ ਸਿਰਫ ਬਾਰ੍ਹਾਂ ਸਾਲ ਦਾ ਮੁੰਡਾ ਹੀ ਸੀ ਤਾਂ ਉਸਦੇ ਲੋਕ ਉਹਨਾਂ ਦੀ ਰੀਤ ਦੇ ਅਨੁਸਾਰ ਉਸ ਨੂੰ ਪੰਤੇਕੁਸਤ ਦੇ ਤਿਉਹਾਰ ਤੇ ਲੈ ਗਏ। ਅਤੇ ਜਦੋਂ ਉਹ ਯਰੂਸ਼ਲਮ ਸ਼ਹਿਰ ਦੇ ਅੰਦਰ ਤਿਉਹਾਰ ਵਿੱਚ ਸੀ ਅਤੇ ਉਹਨਾਂ ਦਾ ਚੰਗਾ ਸਮਾਂ ਚਲ ਰਿਹਾ ਸੀ, ਅਸੀਂ ਬਾਈਬਲ ਵਿੱਚ ਵੇਖਦੇ ਹਾਂ ਕਿ ਉਹ ਤਿੰਨ ਦਿਨ ਉਸਦੇ ਬਿਨਾ ਜਾਂਦੇ ਰਹੇ। ਅਤੇ ਉਹਨਾਂ ਨੇ ਸੋਚਿਆ ਕਿ ਹੋ ਸਕਦਾ ਹੈ, ਬੱਸ ਇਹ ਮਨ ਕੇ ਚਲਦੇ ਰਹੇ ਕਿ ਯਿਸੂ ਜ਼ਰੂਰ ਉਹਨਾਂ

ਦੇ ਕੁਝ ਸਾਕ-ਸੰਬੰਧੀਆਂ ਵਿੱਚ ਹੋਵੇਗਾ। ਹੁਣ, ਅਸੀਂ ਇਹ ਨਹੀਂ ਕਰ ਸਕਦੇ। ਜਦੋਂ ਉਹ ਆਪਣੇ ਸਾਕ-ਸੰਬੰਧੀਆਂ ਵਿੱਚ ਉਸ ਨੂੰ ਲੱਭਣ ਲਈ ਆਏ ਤਾਂ ਉਹ ਉਥੇ ਨਹੀਂ ਸੀ।

68 ਅਤੇ ਅਸੀਂ ਇਹ ਪਹਿਲਾਂ ਤੋਂ ਮਨ ਕੇ ਨਹੀਂ ਚਲ ਸਕਦੇ, ਬੱਸ ਇਸ ਲਈ ਕਿਓਂਕਿ ਅਸੀਂ ਮੈਥੋਡਿਸਟ, ਬੈਪਟਿਸਟ, ਪ੍ਰੇਸਬੇਟੇਰੀਅਨ, ਪੈਂਟੀਕਾਸਟ ਅਤੇ ਸਾਡੀ ਪਿਛੋਕੜ ਅਤੇ ਸਾਡੇ ਪੁਰਖੇ ਮਹਾਨ ਵਿਸ਼ਵਾਸੀ ਸਨ, ਖੈਰ, ਅਸੀਂ ਇਸ ਨੂੰ ਪਹਿਲਾਂ ਤੋਂ ਹੀ ਮਨ ਕੇ ਚਲਦੇ ਹਾਂ ਕਿ ਯਿਸੂ ਸਾਡੇ ਨਾਲ ਹੈ। ਅਸੀਂ ਇਹ ਨਹੀਂ ਕਰ ਸਕਦੇ। ਸਾਨੂੰ ਹਰੇਕ ਦਿਨ ਅਤੇ ਹਰੇਕ ਮਿੰਟ ਉਹਦੇ ਨਾਲ ਸੰਪਰਕ ਰੱਖਣਾ ਚਾਹੀਦਾ ਹੈ। ਔਹ, ਮੈਂ ਇਸ ਨੂੰ ਪ੍ਰੇਮ ਕਰਦਾ ਹਾਂ।

69 ਮੈਂ ਚਾਹੁੰਦਾ ਹਾਂ, ਜੋ ਹੁਣ ਪਰਮੇਸ਼ੁਰ ਹੈ। ਮੇਰੇ ਮਾਤਾ ਪਿਤਾ ਕੋਲ ਜੋ ਸੀ, ਮੇਰੇ ਪੁਰਖਿਆਂ ਕੋਲ ਜੋ ਸੀ, ਉਹ ਸ਼ਾਨਦਾਰ ਸੀ। ਪਰ ਉਹਨਾਂ ਕੋਲ ਜੋ ਸੀ ਉਹ ਚੰਗਾ ਸੀ। ਮੈਂ ਸੋਚਦਾ ਹਾਂ ਕਿ ਅਸੀਂ ਅੱਗੇ ਰਾਹ ਤੇ ਹਾਂ।

70 ਆਓ ਵੇਖੀਏ ਉਹ ਅੱਜ ਕੀ ਹੈ। ਮੈਂ ਪਿੱਛੇ ਮੁੜ ਕੇ ਇਹ ਨਹੀਂ ਵੇਖਣਾ ਚਾਹੁੰਦਾ ਕਿ ਸ੍ਰੀ ਮਾਨ ਮੂਡੀ ਨੇ ਕੀ ਕੀਤਾ ਸੀ ਕਿਓਂਕਿ ਅਸੀਂ ਸ੍ਰੀਮਾਨ ਮੂਡੀ ਨਾਲੋਂ ਰਾਹ ਵਿੱਚ ਬਹੁਤ ਅੱਗੇ ਆ ਗਏ ਹਾਂ। ਸਾਡੀਆਂ ਕਲੀਸਿਯਾਵਾਂ ਨਾਲ ਇਹੀ ਪਰੇਸ਼ਾਨੀ ਹੈ ਕਿ ਅਸੀਂ ਪਿਛਾਂਹ ਵੇਖਦੇ ਹਾਂ ਅਤੇ ਕਹਿੰਦੇ ਹਾਂ, "ਅੱਛਾ, ਆਓ ਵੇਖੀਏ ਸ੍ਰੀ ਮਾਨ ਜਾਨ ਵੇਸਲੀ ਨੇ ਕੀ ਕਿਹਾ ਸੀ, ਕਿਸੇ ਹੋਰ ਨੇ ਕੀ ਕਿਹਾ ਸੀ"। ਇਹੀ ਕਾਰਨ ਹੈ ਕਿ ਵਿਗਿਆਨ ਆਪਣੇ ਖੇਤਰ ਵਿੱਚ ਉਸ ਨਾਲੋਂ ਬਹੁਤ ਜਿਆਦਾ ਅੱਗੇ ਹੈ ਜਿੰਨਾਂ ਧਰਮ ਆਪਣੇ ਖੇਤਰ ਵਿੱਚ।

71 ਇਥੇ ਤਿੰਨ ਸੋ ਸਾਲ ਪਹਿਲਾਂ ਇੱਕ ਫ੍ਰਾਂਸ ਦੇ ਸਾਇੰਸਦਾਨ ਨੇ ਇਹ ਪ੍ਰਮਾਣਿਤ ਕੀਤਾ ਕਿ ਜੇ ਤੁਸੀਂ ਪੈਂਤੀ ਮੀਲ ਪ੍ਰਤੀ ਘੰਟਾ ਦੀ ਤੇਜ ਰਫਤਾਰ ਨਾਲ ਜਾਓ ਤਾਂ ਗੁਰੁੱਤਵਾਕਰਸ਼ਣ ਅਰਥਾਤ ਧਰਤੀ ਦੀ ਖਿੱਚ ਤੁਹਾਨੂੰ ਛੱਡ ਦਵੇਗੀ। ਕੀ ਤੁਸੀਂ ਸੋਚਦੇ ਹੋ ਕਿ ਵਿਗਿਆਨ ਅੱਜ ਉਸ ਦਾ ਹਵਾਲਾ ਦਵੇਗੀ? ਉਹ ਉੱਨੀ ਸੋ ਮੀਲ ਦੀ ਰਫਤਾਰ ਨਾਲ ਜਾ ਰਹੇ ਹਨ ਅਤੇ ਅਜੇ ਵੀ ਹੋਰ ਅੱਗੇ ਵੱਧ ਰਹੇ ਹਨ। ਉਹ ਅੱਗੇ ਵੱਧ ਰਹੇ ਹਨ ਅਤੇ ਅੱਗੇ ਵੇਖ ਰਹੇ ਹਨ। ਪਰ ਅਸੀਂ ਪਿਛਾਂਹ ਵੇਖਣਾ ਚਾਹੁੰਦੇ ਹਾਂ ਅਤੇ ਵੇਖਣਾ ਚਾਹੁੰਦੇ ਹਾਂ ਕਿ ਮੂਡੀ ਨੇ ਕੀ ਕਿਹਾ ਸੀ; ਸੈਂਕੀ ਨੇ ਕੀ ਕਿਹਾ ਸੀ; ਫਿਨੀ ਨੇ ਕੀ ਕਿਹਾ ਸੀ; ਨੋਕਸ, ਕੈਲਵਿਨ, ਉਹਨਾਂ ਵਿਚੋਂ ਕੁਝ। ਉਹਨਾਂ ਨੇ ਜੋ ਵੀ ਕਿਹਾ ਸੀ ਉਹ ਸਭ ਠੀਕ ਸੀ। ਇਹ ਉਹਨਾਂ ਦੇ ਯੁੱਗ ਦੇ ਲਈ ਸੀ ਪਰ ਅਸੀਂ ਅੱਗੇ ਵੱਧ ਰਹੇ ਹਾਂ।

72 ਮੇਰੇ ਦਾਦੇ ਨੇ ਬੈਲਗੱਡੀ ਚਲਾਈ। ਮੈਂ ਫੋਰਡ ਵੀ8 ਗੱਡੀ ਚਲਾਉਂਦਾ ਹਾਂ। ਮੇਰਾ ਪੁੱਤ੍ਰ ਇੱਕ ਹਵਾਈ ਜਹਾਜ ਉਡਾਏਗਾ। ਇਹ ਤਾਂ ਅਸੀਂ ਅੱਗੇ ਵੱਧ ਰਹੇ ਹਾਂ। ਧਰਮ ਨੂੰ ਵੀ ਇਸ ਤਰਾਂ ਹੋਣਾ ਚਾਹੀਦਾ ਹੈ। ਪ੍ਰਭੂ ਦੀ ਆਮਦ ਬਹੁਤ ਨੇੜੇ ਹੈ। ਕਲੀਸਿਯਾ ਨੂੰ ਆਪਣੀ ਸਮਰਥ ਵਿੱਚ ਵੱਧਣਾ ਚਾਹੀਦਾ ਹੈ। ਵਿਗਿਆਨ ਬੱਸ ਕੁਝ ਹੀ ਉਂਚਾਈ ਤੇ ਜਾ ਸਕਦੀ ਹੈ ਪਰ ਫਿਰ ਇਸ ਨੂੰ ਹੇਠਾਂ ਡਿੱਗਣਾ ਪੈਣਾ ਹੈ ਪਰ ਸਾਡੇ ਕੋਲ ਅਣਵਰਤੇ ਸਰੋਤ ਹਨ ਜਿਨਾਂ ਨੂੰ ਕਦੇ ਛੂਹਿਆ ਵੀ ਨਹੀਂ ਗਿਆ ਅਤੇ ਪਰਮੇਸ਼ੁਰ ਦੀ ਸਮਰਥ ਜੋ ਬੇਅੰਤ ਹੈ ਜਿਸ ਦੇ ਅੰਦਰ ਸਾਨੂੰ ਅੱਗੇ ਵੱਧਣਾ ਚਾਹੀਦਾ ਹੈ। ਅੱਜ ਰਾਤ ਅਸੀਂ ਆਪਣੇ ਅਧਿਕਾਰ ਤੋਂ ਲੱਖਾਂ ਮੀਲ ਹੇਠਾਂ ਜੀ ਰਹੇ ਹਾਂ, ਉਹ ਅਧਿਕਾਰ ਜਿਹਨਾਂ ਦਾ ਮਸੀਹ ਲੋਕਾਂ ਨੂੰ ਅਨੰਦ ਲੈਣਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਸ਼ਰਮਿੰਦਾ ਮਹਿਸੂਸ ਕਰਦਾ ਹਾਂ ਜੱਦ ਮੈਂ ਬਾਹਰ ਨਿਗਾਹ ਮਾਰਦਾ ਹਾਂ ਅਤੇ ਸੰਸਥਾਵਾਂ ਅਤੇ ਬਿਮਾਰੀਆਂ ਅਤੇ ਪਰੇਸ਼ਾਨੀਆਂ ਨੂੰ ਵੇਖਦਾ ਹਾਂ ਜੋ ਹੁਣ ਇਸ ਵੇਲੇ ਹੋ ਰਹੀਆਂ ਹਨ। ਸਾਡੀ ਕਲੀਸਿਯਾ ਨੂੰ ਗਲੀਆਂ ਹੋਣਾ ਚਾਹੀਦਾ ਹੈ ਕਿ ਬਿਮਾਰਾਂ ਨੂੰ ਚੰਗਾ ਕਰੇ, ਮੁਰਦਿਆਂ

ਨੂੰ ਜਿਵਾਲੇ, ਭੂੱਤਾਂ ਨੂੰ ਕਢੇ, ਚਿਨ੍ਹ ਚਮਤਕਾਰ ਕਰੇ ਤਾਂਕਿ ਪੂਰਾ ਜਗਤ ਇਹ ਜਾਣੇ ਕਿ ਯਿਸੂ ਮਸੀਹ ਜਿਉਂਦਾ ਹੈ। ਇਹੀ ਹੈ ਜੋ ਸਾਨੂੰ ਕਰਨ ਦੀ ਲੋੜ੍ਹ ਹੈ।

73 ਕਿਉਂ, ਤੁਸੀਂ ਆਖਦੇ ਹੋ, "ਸ਼੍ਰੀ ਮਾਨ ਮੂਡੀ ਨੇ ਕਦੇ ਨਹੀਂ..." ਸ਼੍ਰੀ ਮਾਨ ਮੂਡੀ ਇਨ੍ਹਾਂ ਦਿਨਾਂ ਵਿੱਚ ਨਹੀਂ ਜੀ ਰਿਹਾ ਸੀ। ਇਹ ਠੀਕ ਹੈ। ਅਸੀਂ ਪਰਮੇਸ਼ੁਰ ਦੀ ਆਮਦ ਤੇ ਜੀ ਰਹੇ ਹਾਂ। ਅਤੇ ਅਸੀਂ ਤਾਂ ਬੱਸ ਇਹ ਪਹਿਲਾਂ ਤੋਂ ਹੀ ਮੰਨ ਲਿਆ ਕਿ ਉਹ ਸਾਡੇ ਸ਼ਾਕ- ਸੰਬੰਧੀਆਂ ਦੇ ਨਾਲ ਸੀ। ਪਰ ਇੱਕ ਦਿਨ ਜੱਦ ਇੱਕ ਚੁਣੌਤੀ ਦੇਣ ਵਾਲੇ ਨੇ ਸ਼੍ਰੀ ਮਾਨ ਗ੍ਰਾਹਮ ਨੂੰ ਚੁਣੋਤੀ ਦਿੱਤੀ ਤਾਂ ਸਾਨੂੰ ਪਤਾ ਲਗਾ ਕਿ ਉਹ ਸਾਡੇ ਸ਼ਾਕ- ਸੰਬੰਧੀਆਂ ਵਿਚਕਾਰ ਨਹੀਂ ਸੀ।

74 ਉਹ ਉਸਨੂੰ ਕਿੱਥੇ.ਲੱਭਦੇ ਹਨ? ਕਿੱਥੇ–ਉਹਨਾਂ ਉਸ ਨੂੰ ਕਿੱਥੇ ਲੱਭਿਆ? ਠੀਕ ਉਥੇ ਜਿਥੇ ਉਨ੍ਹਾਂ ਉਸ ਨੂੰ ਛੱਡਿਆ ਸੀ। ਉਨ੍ਹਾਂ ਉਸ ਨੂੰ ਕਿੱਥੇ ਛੱਡਿਆ ਸੀ? ਪੰਤੇਕੁਸਤ ਦੇ ਤਿਓਹਾਰ ਤੇ। ਅਸੀਂ ਯਿਸੂ ਨੂੰ ਕਿੱਥੇ ਛੱਡਦੇ ਹਾਂ, ਕਲੀਸਿਯਾ ਨੇ ਕਿੱਥੇ ਛੱਡਿਆ? ਪੰਤੇਕੁਸਤ ਦੇ ਤਿਓਹਾਰ ਤੇ। ਜੱਦ ਅਸੀਂ ਪੁਰਾਣੇ ਸਮੇਂ ਦੀ ਪੰਤੇਕੁਸਤ ਦੀ ਸਮਰਥ ਅਤੇ ਪੰਤੇਕੁਸਤ ਦੇ ਤਿਉਹਾਰ ਤੋਂ ਦੂਰ ਹੋ ਜਾਂਦੇ ਹਾਂ ਤਾਂ ਅਸੀਂ ਯਿਸੂ ਮਸੀਹ ਤੋਂ ਦੂਰ ਚਲੇ ਜਾਂਦੇ ਹਾਂ। ਮਿੱਤ੍ਰ, ਇਹ ਬਿਲਕੁਲ ਠੀਕ ਹੈ। ਅਸੀਂ ਆਪਣੇ ਅਧਿਕਾਰਾਂ ਤੋਂ ਹੇਠਾਂ ਜੀ ਰਹੇ ਹਾਂ। ਹਾਂ, ਸ਼੍ਰੀ ਮਾਨ।

75 ਉਨ੍ਹਾਂ ਉਸ ਨੂੰ ਪੰਤੇਕੁਸਤ ਦੇ ਤਿਓਹਾਰ ਤੇ ਛੱਡ ਦਿਤਾ ਅਤੇ ਇਹ ਸਿਰਫ ਉਹੀ ਜਗ੍ਹਾ ਹੈ ਜਿਥੇ ਮੈਥੋਡਿਸਟ, ਬੈਪਟਿਸਟ, ਪ੍ਰੈਸਬਾਈਟੇਰਿਅਨ ਅਤੇ ਪੈਂਟੀਕਾਸਟਲ ਉਸ ਨੂੰ ਪਾਉਣਗੇ, ਮੁੜ੍ਹ ਉਥੇ ਜਾਣਾ ਹੈ ਜਿੱਥੇ ਤੁਸੀਂ ਉਸ ਨੂੰ ਛੱਡਿਆ ਹੈ। ਪ੍ਰਭੂ ਦਾ ਅਨੰਦ ਕਿਥੇ ਹੈ? ਪ੍ਰਭੂ ਦੀ ਸਮਰਥ ਕਿੱਥੇ ਹੈ? ਅੱਜ ਕਲੀਸਿਯਾ ਪੁੱਛਦੀ ਹੈ, "ਕੀ—ਇਤਿਹਾਸ ਦੇ ਪਰਮੇਸ਼ੁਰ ਨੂੰ ਕੀ ਹੋ ਗਿਆ ਹੈ?" ਉਹ ਆਪਣੇ ਲੋਕਾਂ ਲਈ ਉਡੀਕ ਰਿਹਾ ਹੈ ਕਿ ਉਸ ਨੂੰ ਦ੍ਰਿਸ਼ ਉੱਤੇ ਬੁਲਾਉਣ। ਪਰ...

76 ਅਸੀਂ ਇਸ ਨੂੰ ਫਿਰਕਾਪ੍ਰਸ਼ਤੀ ਦੁਆਰਾ ਨਹੀਂ ਕਰ ਸਕਦੇ। ਅਸੀਂ ਇਸ ਨੂੰ ਮਨੋਵਿਗਿਆਨ ਹੇਠ ਨਹੀਂ ਕਰ ਸਕਦੇ। ਅਸੀਂ ਅੰਕਗਣਿਤ ਹੇਠ ਇਸ ਨੂੰ ਨਹੀਂ ਕਰ ਸਕਦੇ ਜਾਂ ਅਸੀਂ ਇਸ ਨੂੰ ਸਿੱਖਿਆ ਦੇ ਰਾਹੀਂ ਨਹੀਂ ਕਰ ਸਕਦੇ। ਅਸੀਂ ਆਪਣੇ ਆਪ ਨੂੰ ਵੱਖਰੇ ਕਰਦੇ ਹਾਂ, ਆਪਣੇ ਆਪ ਨੂੰ ਵੰਡ ਲੈਂਦੇ ਹਾਂ। ਅਸੀਂ ਵੰਡੇ ਹੋਏ ਨਹੀਂ ਹਾਂ। ਅਸੀਂ ਅਸਲ ਵਿੱਚ ਮਸੀਹ ਯਿਸੂ ਦੇ ਅੰਦਰ ਇੱਕ ਵਿਅਕਤੀ ਹਾਂ। ਅਸੀਂ ਸਾਰੇ ਮਸੀਹ ਵਿੱਚ ਇੱਕ ਹਾਂ ਅਤੇ ਸਾਡੀਆਂ ਸੰਸਥਾਵਾਂ ਇਸ ਨੂੰ ਕਦੇ ਵੀ ਨਹੀਂ ਕਰ ਸਕਣਗੀਆਂ। ਉਹ ਚਾਹੇ ਜਿੰਨੇ ਵੀ ਚੰਗੇ ਹਨ, ਉਹ ਇਸ ਨੂੰ ਨਹੀਂ ਕਰਣਗੇ। ਸਾਡੀ ਸਿੱਖਿਆ ਸੁਸਮਾਚਾਰ ਦੀ ਸਭ ਤੋਂ ਵੱਡੀ ਰੁਕਾਵਟ ਰਹੀ ਹੈ, ਉਹ ਸਿੱਖਿਆ ਹੈ।

77 ਸਾਨੂੰ ਜਿਸ ਦੀ ਲੋੜ੍ਹ ਹੈ ਉਹ ਸਿੱਖਿਆ ਨਹੀਂ ਹੈ। ਸਾਨੂੰ ਸਮਰਥ ਅਤੇ ਪਵਿੱਤਰ ਆਤਮਾ ਦਾ ਪ੍ਰਮਾਣ ਕਲੀਸਿਯਾ ਵਿੱਚ ਵਾਪਸ ਚਾਹੀਦਾ ਹੈ ਤਾਂ ਕਿ ਸਮਰਥ ਨੂੰ ਵਿਖਾ ਸਕੀਏ। ਯਿਸੂ ਨੇ ਕਦੇ ਨਹੀਂ ਕਿਹਾ, "ਸਾਰੇ ਜਗਤ ਵਿੱਚ ਜਾਓ ਅਤੇ—ਅਤੇ ਸਿੱਖਿਆ ਦਿਓ"। ਉਸਨੇ ਕਦੇ ਨਹੀਂ ਕਿਹਾ, "ਸਾਰੇ ਜਗਤ ਵਿੱਚ ਜਾਓ ਅਤੇ ਕਰੋ..." ਉਸਨੇ ਕਿਹਾ, "ਸਾਰੇ ਜਗਤ ਵਿੱਚ ਜਾਓ ਅਤੇ ਸੁਸਮਾਚਾਰ ਦਾ ਪ੍ਰਚਾਰ ਕਰੋ"। ਅਤੇ ਸੁਸਮਾਚਾਰ ਪਵਿੱਤਰ ਆਤਮਾ, ਕਿਆਮਤ ਦੀ ਸਮਰਥ ਨੂੰ ਪ੍ਰਮਾਣਿਤ ਕਰਨ ਦੇ ਲਈ ਹੈ। ਅਸੀਂ ਅਜੇ ਵੀ ਉਸ ਤੋਂ ਲੱਖਾਂ ਮੀਲ ਦੂਰ ਹਾਂ ਜਿਥੇ ਸਾਨੂੰ ਹੋਣਾ ਚਾਹੀਦਾ ਹੈ। ਆਓ ਅਸੀਂ ਅੱਗੇ ਵਧੀਏ। ਆਓ ਅਸੀਂ ਉਥੇ ਚਲੀਏ ਜਿਥੇ ਅਸੀਂ ਉਸ ਨੂੰ ਛੱਡਿਆ ਸੀ, ਪੰਤੇਕੁਸਤ ਦੇ ਤਿਉਹਾਰ ਤੇ।

78 ਯਿਸੂ ਨੇ ਯੂਹੰਨਾ ਵਿੱਚ ਕਿਹਾ, ਮੈਂ ਵਿਸ਼ਵਾਸ ਕਰਦਾ ਹਾਂ ਕਿ 15ਵੇਂ ਅਧਿਆਏ ਵਿੱਚ ਉਸਨੇ ਕਿਹਾ, "ਮੈਂ ਵੇਲ ਹਾਂ ਅਤੇ ਤੁਸੀਂ ਟਾਹਣੀਆਂ ਹੋ" । ਅੱਛਾ ਹੁਣ, ਜੇ ਉਹ ਵੇਲ ਪਹਿਲੀ ਟਹਿਣੀ ਨੂੰ ਲੈ ਕੇ ਆਈ ਅਤੇ ਉਸ ਟਹਿਣੀ ਵਿਚੋਂ ਰਸੂਲਾਂ ਦੇ ਕਰਤਬ ਦੀ ਕਿਤਾਬ ਲਿਖੀ ਤਾਂ ਦੂਸਰੀ ਟਹਿਣੀ ਇੱਕ ਹੋਰ ਰਸੂਲਾਂ ਦੇ ਕਰਤੱਬ ਦੀ ਕਿਤਾਬ ਨੂੰ ਬਣਾਵੇਗੀ । ਤੀਸਰੀ ਟਹਿਣੀ ਇੱਕ ਹੋਰ ਰਸੂਲਾਂ ਦੇ ਕਰਤੱਬ ਦੀ ਕਿਤਾਬ ਨੂੰ ਲੈ ਕੇ ਆਵੇਗੀ । ਅਤੇ ਹਰੇਕ ਟਹਿਣੀ ਜਿਹੜੀ ਉਸ ਵੇਲ ਵਿਚੋਂ ਫੁੱਟੇਗੀ ਉਹ ਉਸੇ ਤਰਾਂ ਦੀ ਹੋਵੇਗੀ ਜਿਵੇਂ ਪਹਿਲੀ ਟਹਿਣੀ ਸੀ ।

79 ਹੁਣ, ਤੁਸੀਂ ਇਸ ਵਿੱਚ ਕਲ੍ਮ ਕਰ ਸਕਦੇ ਹੋ, ਅਸੀਂ ਇਹ ਜਾਣਦੇ ਹਾਂ । ਮੈਂ ਇੱਕ ਨਿੰਬੂ ਜਾਤੀ ਦਾ ਪੌਧਾ ਵੇਖਿਆ ਹੈ ਜਿਸ ਉੱਤੇ ਅੱਠ ਵੱਖਰੀ-ਵੱਖਰੀ ਕਿਸਮ ਦੇ ਫਲ ਲਗੇ ਹੋਏ ਸਨ । ਮੈਂ ਇੱਕ ਸੰਤਰੇ ਦੇ ਬਿਰਛ ਤੇ ਚਕੋਤਰੇ, ਨਿੰਬੂ ਅਤੇ ਹਰੇਕ ਚੀਜ ਨੂੰ ਇਸ ਉੱਤੇ ਵੇਖਿਆ ਹੈ ਪਰ ਉਹ ਇਸ ਵਿੱਚ ਕਲ੍ਮ ਕੀਤੇ ਗਏ ਸਨ ।

80 ਅੱਜ ਵੀ ਇਹੀ ਮਾਮਲਾ ਹੈ । ਅਸੀਂ ਇਸ ਵਿੱਚ ਆਪਣੇ ਵਿਚਾਰ ਕਲ੍ਮ ਕੀਤੇ ਹਨ, ਆਪਣੀਆਂ ਸੰਸਥਾਵਾਂ ਨੂੰ ਇਸ ਵਿੱਚ ਕਲ੍ਮ ਕੀਤਾ ਹੈ ਪਰ ਜੇ ਉਹ ਰੁੱਖ ਆਪਣੇ ਆਪ ਵਿੱਚ ਕੋਈ ਹੋਰ ਫਲਾਂ ਦੀ ਵੇਲ ਨੂੰ ਲਿਆਉਂਦਾ ਹੈ ਤਾਂ ਇਹ ਉਸੇ ਮੂਲ ਵਰਗੀ ਹੋਵੇਗੀ ਜੋ ਇਸਦੇ ਅੰਦਰ ਗਿਆ ਸੀ । ਹਲਲੂਯਾਹ! ਔਹ, ਕਲੀਸਿਯਾ ਆਪਸ ਵਿੱਚ ਮਿਲ ਜਾਵੇਗੀ ਪਰ ਸਾਨੂੰ ਮੂਲ ਸਮਰਥ ਦੀ ਲੋੜ੍ਹ ਹੈ । ਸਾਨੂੰ ਪਵਿੱਤਰ ਆਤਮਾ ਦੀ, ਯਿਸੂ ਮਸੀਹ ਦੀ ਪੁਨਰ-ਉਥਾਨ ਦੀ ਸਮਰਥ ਦੀ ਲੋੜ੍ਹ ਹੈ । ਇਹੀ ਹੈ ਜੋ ਉਸਨੇ ਸਾਨੂੰ ਕਰਨ ਲਈ ਕਿਹਾ ਸੀ ।

81 "ਮੈਂ ਵੇਲ ਹਾਂ, ਤੁਸੀਂ ਟਹਿਣੀਆਂ ਹੋ" । ਜੇ ਇੱਕ ਅੰਗੂਰਾਂ ਦੀ ਵੇਲ ਵਿਚੋਂ ਇਕੱ ਪੁੰਗਰ ਫੁੱਟਦੀ ਹੈ ਅਤੇ ਇਹ ਸੁੰਦਰ ਨੀਲੇ ਅੰਗੂਰਾਂ ਨਾਲ ਲੈ ਕੇ ਆਉਂਦੀ ਹੈ, ਅਗਲੀ ਵੇਲ ਜੋ ਇਹ ਲੈ ਕੇ ਆਵੇਗੀ ਉਸ ਨਾਲ ਵੀ ਸੁੰਦਰ ਨੀਲੇ ਅੰਗੂਰ ਹੋਣਗੇ । ਜੇ ਪਹਿਲੀ ਵੇਲ ਬਾਹਰ ਆਈ ਅਤੇ ਉਹ ਪਵਿੱਤਰ ਆਤਮਾ ਦੇ ਪ੍ਰਭਾਵ ਹੇਠ ਆ ਗਏ ਅਤੇ ਉਹਨਾਂ ਨੇ ਵੱਡੇ ਵੱਡੇ ਚਿਨ੍ਹ ਚਮਤਕਾਰ ਕੀਤੇ ਅਤੇ ਜਗਤ ਲਈ ਆਪਣੀ ਗਵਾਹੀ ਨੂੰ ਮੋਹਰ ਕਰ ਦਿੱਤਾ...ਏਥੋਂ ਤੱਕ ਉਹਨਾਂ ਵਿਚੋਂ ਬਹੁਤਿਆਂ ਨੇ ਆਪਣੀ ਗਵਾਹੀ ਨੂੰ ਆਪਣੇ ਲਹੂ ਨਾਲ ਮੋਹਰਬੰਦ ਕੀਤਾ । ਉਹ ਸੁਸਮਾਚਾਰ ਨੂੰ ਲੈ ਕੇ ਆਉਣ ਲਈ ਹਰ ਤਰਾਂ ਦੇ ਖ਼ਤਰਿਆਂ ਅਤੇ ਹਰੇਕ ਚੀਜ ਵਿਚੋਂ ਦੀ ਲੰਘੇ । ਉਹਨਾਂ ਦੁਖ ਭੋਗਿਆ; ਉਹਨਾਂ ਨੂੰ ਕੁੱਟਿਆ ਗਿਆ; ਉਹਨਾਂ ਨੂੰ ਸਜ਼ਾ ਦਿੱਤੀ ਗਈ । "ਕੀ ਜਰੂਰੀ ਹੈ ਕਿ ਸਾਨੂੰ ਸਵਰਗੀ ਘਰ ਵਿੱਚ ਫੁੱਲਾਂ ਦੇ ਆਸਾਨ ਬਿਸਤਰ ਉੱਤੇ ਲੈ ਜਾਇਆ ਜਾਵੇ, ਜੱਦ ਕਿ ਦੂਸਰੇ ਇਸ ਇਨਾਮ ਨੂੰ ਜਿੱਤਣ ਲਈ ਲੜ੍ਹੇ ਅਤੇ ਖ਼ੂਨੀ ਸਮੁੰਦਰਾਂ ਵਿਚੋਂ ਦੀ ਹੋ ਕੇ ਗਏ?" ਅਸੀਂ ਕੀ ਕਰਨ ਦੀ ਉਮੀਦ ਕਰਦੇ ਹਾਂ? "ਜੇ ਮੈਂ ਰਾਜ ਕਰਨਾ ਹੀ ਹੈ ਤਾਂ ਮੈਨੂੰ ਲੜ੍ਹਨਾ ਹੀ ਪਵੇਗਾ । ਮੇਰਾ ਹੌਸਲਾ ਵੱਧਾ ਪ੍ਰਭੂ" । ਯਕੀਨਨ । ਸਾਨੂੰ ਲੋੜ੍ਹ ਹੈ ਇੱਕ...

82 ਸਾਨੂੰ ਇੱਕ ਨਵੀਂ ਸੰਸਥਾ ਦੀ ਲੋੜ੍ਹ ਨਹੀਂ ਹੈ । ਸਾਨੂੰ ਇੱਕ ਨਵੀਂ ਗਿਰਜੇ ਦੀ ਇਮਾਰਤ ਦੀ ਲੋੜ੍ਹ ਨਹੀਂ ਹੈ । ਅੱਜ ਸਾਨੂੰ ਜਿਸ ਦੀ ਲੋੜ੍ਹ ਹੈ ਉਹ ਹੈ ਪੁਰਾਣੇ ਸਮੇਂ ਦੀ ਜੰਗਲੀ, ਨੀਲੇ ਅਸਮਾਨ ਵਾਲੀ, ਪਾਪ ਘਾਤੀ ਪੰਤੇਕੁਸਤ ਦੀ ਬੇਦਾਰੀ, ਜਿਸਦਾ ਜਨਮ ਪੰਤੇਕੁਸਤ ਤੇ ਹੋਇਆ ਸੀ ਅਤੇ ਫਿਰ ਤੋਂ ਕਲੀਸਿਯਾ ਵਿੱਚ ਮੁੜ੍ਹ ਆਈ ਹੈ, ਪਵਿੱਤਰ ਆਤਮਾ ਦੀ ਸਮਰਥ ਮੁੜ੍ਹ ਆਈ ਹੈ ਤਾਂ ਜੋ ਯਿਸੂ ਨੂੰ ਦ੍ਰਿਸ਼ ਉੱਤੇ ਲੈ ਕੇ ਆਵੇ ।

83 ਇਤਿਹਾਸ ਦਾ ਪਰਮੇਸ਼ੁਰ ਹਮੇਸ਼ਾ ਇੱਕ ਅਹਿਮ ਮੌਕੇ ਤੇ ਹੀ ਦ੍ਰਿਸ਼ ਤੇ ਆਉਂਦਾ ਹੈ । ਸਾਨੂੰ ਇਸਦੀ ਲੋੜ੍ਹ ਹੈ । ਅੱਜ ਸਾਡੀ ਕਲੀਸਿਯਾ ਨਾਲ ਇਹੀ ਮਾਮਲਾ ਹੈ । ਅਸੀਂ ਬਹੁਤ ਜਿਆਦਾ

ਪਿੱਛੇ ਜਾ ਰਹੇ ਹਾਂ। ਅਸੀਂ ਸੰਸਾਰ ਦੇ ਰਿਵਾਜ ਵਿੱਚ ਧੱਸਦੇ ਜਾ ਰਹੇ ਹਾਂ। ਅਤੇ ਹੌਲੀ ਹੌਲੀ, ਸਾਲ ਬਰ ਸਾਲ, ਥੋੜਾ ਥੋੜਾ ਕਰਕੇ ਮਰ ਰਹੇ ਹਾਂ ਅਤੇ ਸੁੱਕਦੇ ਜਾ ਰਹੇ ਹਾਂ।

84 ਬਹੁਤ ਜਲਦੀ ਛੰਗਾਈ ਦਾ ਸਮਾਂ ਹੋਵੇਗਾ। ਪਰਮੇਸ਼ੁਰ ਇਸ ਨੂੰ ਮੁੜ੍ਹ ਕੱਟੇਗਾ, ਇਹ ਇੰਨਾ ਯਕੀਨੀ ਹੈ ਜਿੰਨਾ ਮੈਂ ਇਸ ਪਰਚਾਰ ਮੰਚ ਤੇ ਖੜਾ ਹਾਂ। ਪਰਮੇਸ਼ੁਰ ਇਸ ਨੂੰ ਮੁੜ੍ਹ ਕਟੇਗਾ ਤਾਂ ਕਿ ਉਹ ਫਲ ਨੂੰ ਲੈ ਕੇ ਆਵੇ। ਉਹ ਇਨ੍ਹਾਂ ਵਿਚੋਂ ਕਿਸੇ ਦਿਨ ਇਸ ਵਿਚੋਂ ਸੰਸਾਰ ਦੇ ਕੰਮਾਂ ਨੂੰ ਕੱਟ ਦਵੇਗਾ। ਇਹ ਇੱਕ ਸ਼ਰਮ ਦੀ ਗਲ ਹੈ, ਜਿਸ ਤਰਾਂ ਕਲੀਸਿਯਾ ਧਰਮ ਦੇ ਨਾਮ ਦੇ ਹੇਠ ਚਲਦੀ ਰਹੀ ਹੈ।

85 ਅਤੇ ਸਾਨੂੰ ਪਤਾ ਲਗਦਾ ਹੈ ਕਿ ਜਦੋਂ ਯਿਸੂ ਚਲਾ ਗਿਆ ਤਾਂ ਮੌਤ ਅੰਦਰ ਆ ਗਈ। ਜਦੋਂ ਯਿਸੂ ਸਾਡੀ ਕਲੀਸਿਯਾ ਨੂੰ ਛੱਡਦਾ ਹੈ ਤਾਂ ਪਵਿੱਤਰ ਆਤਮਾ ਦੀ ਸਮਰਥ ਸਾਡੀ ਕਲੀਸਿਯਾ ਨੂੰ ਛੱਡ ਦਿੰਦੀ ਹੈ, ਕਲੀਸਿਯਾ ਕਮਜੋਰ ਹੋਣਾ ਸ਼ੁਰੂ ਹੋ ਜਾਂਦੀ ਹੈ ਅਤੇ—ਅਤੇ ਮਰ ਜਾਂਦੀ ਹੈ। ਅਤੇ ਕੁਝ ਚਿਰ ਬਾਅਦ ਇਸ ਵਿੱਚ ਕੁਝ ਵੀ ਨਹੀਂ ਹੁੰਦਾ ਹੈ। ਹੁਣ, ਜਦੋਂ ਯਿਸੂ ਚਲਾ ਗਿਆ, ਮੌਤ ਅੰਦਰ ਆ ਗਈ। ਔਹ, ਇਹ ਕਿੰਨਾ ਉਦਾਸੀ ਭਰਿਆ ਸਮਾਂ ਸੀ।

86 ਅਤੇ ਧਿਆਨ ਦਿਓ, ਉਹ ਇਧਰ ਉਧਰ ਭਟਕੇ ਅਤੇ ਯਿਸੂ ਨੂੰ ਸਨੇਹਾ ਘੱਲਿਆ ਪਰ ਉਹ ਨਹੀਂ ਆਇਆ। ਉਹਨਾਂ ਉਸ ਨੇ ਫੇਰ ਸਨੇਹਾ ਘੱਲਿਆ ਅਤੇ ਉਹ ਨਹੀਂ ਆਇਆ ਪਰ ਉਹ ਜਾਣਦਾ ਸੀ ਕਿ ਉਹ ਕੀ ਕਰਨ ਵਾਲਾ ਸੀ। ਅੱਜ ਰਾਤ ਉਹ ਜਾਣਦਾ ਹੈ ਕਿ ਉਹ ਕੀ ਕਰਨ ਵਾਲਾ ਹੈ। ਇਹ ਉਸ ਤੋਂ ਬੇਖ਼ਬਰ ਨਹੀਂ ਹੈ: ਉਹ ਚੰਗੀ ਤਰਾਂ ਜਾਣਦਾ ਹੈ ਕਿ ਉਹ ਕੀ ਕਰਨ ਵਾਲਾ ਹੈ। ਉਹ ਲੋਕਾਂ ਨੂੰ ਖੜ੍ਹਾ ਕਰਨ ਜਾ ਰਿਹਾ ਹੈ, ਇਹ ਉਨਾ ਹੀ ਯਕੀਨੀ ਹੈ ਜਿਨਾਂ ਮੈਂ ਇਸ ਪਰਚਾਰ ਮੰਚ ਤੇ ਖੜਾ ਹਾਂ। ਉਹ ਆਪਣੇ ਨਾਮ ਦੀ ਖਾਤਰ ਪਰਾਈਆਂ ਕੌਮਾਂ ਦੀ ਪੀੜ੍ਹੀ ਵਿਚੋਂ ਕੁਝ ਲੋਕਾਂ ਨੂੰ ਖੜ੍ਹਾ ਕਰੇਗਾ।

87 ਹੁਣ ਯਹੂਦੀਆਂ ਦਾ ਸਮਾਂ ਨੇੜ੍ਹੇ ਹੈ ਅਤੇ ਪਰਾਈਆਂ ਕੌਮਾਂ ਦਾ ਸਮਾਂ ਸਮਾਪਤ ਹੋ ਰਿਹਾ ਹੈ ਕਿਓਂਕਿ ਉਹ ਬੱਸ ਬਾਹਰ ਚਲੇ ਗਏ ਹਨ। ਉਹ ਮਸੀਹ ਨੂੰ ਰੱਦ ਰਹੇ ਹਨ; ਉਹ ਆਪਣੇ ਨਿਸ਼ਾਨਾਂ ਨੂੰ ਰੱਦ ਰਹੇ ਹਨ; ਉਹ ਉਸ ਹਰੇਕ ਚੀਜ ਨੂੰ ਰੱਦ ਰਹੇ ਹਨ ਜਿਸ ਨੂੰ ਪਰਮੇਸ਼ੁਰ ਵਲੋਂ ਕਿਹਾ ਜਾਂਦਾ ਹੈ, ਅਤੇ ਇਸ ਨੂੰ ਕਿਸੇ ਤਰਾਂ ਦਾ ਮਨੋਵਿਗਿਆਨ ਜਾਂ ਸ਼ਤਾਨ ਦੀ ਸਮਰਥ ਦਾ ਨਾਮ ਦੇ ਰਹੇ ਹਨ...ਉਹ ਪਵਿੱਤਰ ਆਤਮਾ ਦੀ ਨਿੰਦਾ ਕਰ ਰਹੇ ਹਨ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਦੂਰ ਮੋਹਰਬੰਦ ਕਰ ਰਹੇ ਹਨ। ਅਤੇ ਪਰਮੇਸ਼ੁਰ ਕੁਝ ਚਿਰ ਬਾਅਦ ਉਸ ਛੋਟੇ ਝੁੰਡ ਨੂੰ ਲਵੇਗਾ ਅਤੇ ਇਸ ਨੂੰ ਇੱਕ ਸਮਰਥੀ ਕਲੀਸਿਯਾ ਦੇ ਰੂਪ ਵਿੱਚ ਖੜਾ ਕਰੇਗਾ ਅਤੇ ਫਿਰ ਆਤਮਾ ਨੂੰ ਯਹੂਦੀਆਂ ਵਲ੍ਹ ਮੋੜ੍ਹ ਦਵੇਗਾ ਅਤੇ ਪਰਾਈਆਂ ਕੌਮਾਂ ਦੀ ਕਲੀਸਿਯਾ ਨੂੰ ਘਰ ਲੈ ਜਾਵੇਗਾ। ਬਿਲਕੁਲ ਠੀਕ ਹੈ। ਉਹ ਹੁਣ ਤਿਆਰੀ ਵਿੱਚ ਹੈ। ਔਹ, ਕਿਵੇਂ, ਅਸੀਂ ਤਕਰੀਬਨ ਅੰਤ ਸਮੇਂ ਤੇ ਹਾਂ।

88 ਯਿਸੂ, ਉਹ ਜਾਣਦਾ ਸੀ। ਅਤੇ ਕੁਝ ਚਿਰ ਬਾਅਦ ਉਸਨੇ ਕਿਹਾ, "ਸਾਡਾ ਮਿੱਤ੍ਰ, ਲਾਜਰ, ਸੌਂ ਗਿਆ ਹੈ"।

89 ਕਿਓਂ, ਉਸਦੇ ਚੇਲਿਆਂ ਨੇ ਸੋਚਿਆ ਕਿ ਉਹ ਅਰਾਮ ਕਰ ਰਿਹਾ ਸੀ। ਉਸ ਨੇ ਕਿਹਾ, "ਅੱਛਾ, ਜੇਕਰ ਉਹ ਸੌਂ ਰਿਹਾ ਹੈ ਤਾਂ ਉਹ ਬਹੁਤ ਚੰਗਾ ਕਰ ਰਿਹਾ ਹੈ"।

90 ਅੱਛਾ, ਉਸਨੇ ਆਪਣੇ...ਉਹਨਾਂ ਦੇ ਸ਼ਬਦਾਂ ਵਿੱਚ ਕਿਹਾ, ਇਸ ਲਈ ਤਾਂ ਜੋ ਉਹ ਸਮਝ ਸਕਣ, ਕਿਹਾ, "ਉਹ ਮਰ ਗਿਆ ਹੈ ਅਤੇ ਮੈਂ ਤੁਹਾਡੀ ਖਾਤਰ ਖੁਸ਼ ਹਾਂ ਜੋ ਮੈਂ ਉੱਥੇ ਨਹੀਂ ਸੀ"

। ਕਿਉਂਕਿ ਉਹ ਉਸ ਨੂੰ ਕਹਿੰਦੇ ਰਹਿੰਦੇ–ਕਿ ਉਸ ਨੂੰ ਚੰਗਾ ਕਰ–ਉਸ ਨੂੰ ਚੰਗਾ ਕਰ ਪਰ ਉਹ ਜਾਣਦਾ ਸੀ ਕਿ ਉਹ ਇਹ ਨਹੀਂ ਕਰ ਸਕਦਾ ਸੀ, ਕਿਉਂਕਿ ਦਰਸ਼ਨ ਅਜੇ ਨਹੀਂ…ਚਾਰ ਦਿਨਾਂ ਬਾਅਦ ਉਸ ਨੇ ਜਾਣਿਆ ਕਿ ਉਹ ਸਮਾਂ ਸੀ ਜਿਸ ਬਾਰੇ ਪਿਤਾ ਨੇ ਉਸ ਨੂੰ ਦੱਸਿਆ ਸੀ । ਕਿੰਨਾ ਸੁੰਦਰ ਹੈ; ਉਸਨੇ ਕਬਰ ਤੇ ਕਿਹਾ, “ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੂੰ ਪਹਿਲਾਂ ਹੀ ਸੁਣ ਲਿਆ ਹੈ ਪਰ ਇਨਾਂ ਲੋਕਾਂ ਦੇ ਕਾਰਨ ਜੋ ਆਲੇ ਦੁਆਲੇ ਖੜੇ ਹਨ ਮੈਂ ਇਹ ਆਖਿਆ” । ਸਮਝੇ? ਉਹ ਪਹਿਲਾਂ ਹੀ ਜਾਣਦਾ ਸੀ ਕਿ ਉਹ ਕੀ ਕਰਨ ਵਾਲਾ ਸੀ । ਉਸਨੇ ਕਿਹਾ, “ਮੈਂ ਜਾ ਕੇ ਉਸ ਨੂੰ ਜਗਾਵਾਂਗਾ” ।

91 ਹੁਣ, ਮੈਂ ਇਹ ਸੋਚ ਸਕਦਾ ਹਾਂ ਕਿ ਉਹ ਛੋਟਾ ਜਿਹਾ ਘਰ ਸੱਚ ਮੁਚ ਟੁੱਟ ਗਿਆ ਸੀ । ਰੋਟੀ ਕਮਾਉਣ ਵਾਲਾ ਮਰ ਗਿਆ ਸੀ, ਉਦਾਸੀ ਸੀ । ਔਹ, ਇਹ ਅਦਭੁੱਤ ਹੁੰਦਾ ਹੈ ਜੱਦ ਤੁਹਾਡੇ ਕੋਲ ਇੱਕ ਉਦਾਸੀ ਭਰਿਆ ਘਰ ਜਾਂ ਉਦਾਸੀ ਭਰਿਆ ਦਿਲ ਹੁੰਦਾ ਹੈ ਅਤੇ ਫਿਰ ਯਿਸੂ ਅਚਾਨਕ ਹੀ ਆ ਜਾਂਦਾ ਹੈ, ਕੀ ਇਹ ਨਹੀਂ ਹੈ? ਮੈਂ ਸੋਚ ਸਕਦਾ ਹਾਂ ਕਿ ਮਾਰਥਾ, ਇੱਕ ਸੁੰਦਰ ਛੋਟੀ ਔਰਤ ਜਿਸਦੇ ਮੂੰਹ ਉੱਤੇ ਕਾਲਾ ਪਰਦਾ ਹੈ ਅਤੇ ਛੋਟੀ ਮਰਿਅਮ ਅਤੇ ਉਹ ਇੱਕ ਦੂਸਰੇ ਨੂੰ ਸੰਭਾਲਦੇ ਹੋਏ ਕਹਿ ਰਹੀਆਂ ਹਨ, “ਅਸੀਂ ਕੀ ਕਰਾਂਗੀਆਂ? ਮਾਤਾ ਪਿਤਾ ਮਰ ਚੁੱਕੇ ਹਨ ਅਤੇ ਸਾਡਾ ਬਹੁਮੁੱਲਾ ਭਰਾ…ਹੁਣ, ਅਸੀਂ ਕਲੀਸਿਯਾ ਨੂੰ ਛੱਡ ਦਿੱਤਾ ਹੈ ਅਤੇ ਸਾਨੂੰ ਉਨ੍ਹਾਂ ਵਿਚੋਂ ਛੇਕ ਦਿੱਤਾ ਗਿਆ ਹੈ ਅਤੇ ਅਸੀਂ ਬਾਹਰ ਨਿਕਲ ਆਏ ਹਾਂ ਤਾਂ ਕਿ ਯਿਸੂ ਨਾਸਰੀ ਦੇ ਪਿਛੇ ਚਲੀਏ । ਅਤੇ ਉਹ ਕਿਤੇ ਦੂਰ ਚਲਾ ਗਿਆ ਹੈ ਤੇ ਸਾਨੂੰ ਛੱਡ ਦਿੱਤਾ ਹੈ ।

92 ਮੈਂ ਇੱਕ ਨਿੰਦਾ ਕਰਨ ਵਾਲੇ ਨੂੰ ਆਉਂਦੇ ਹੋਏ ਅਤੇ ਇਹ ਕਹਿੰਦੇ ਹੋਏ ਸੁਣ ਸਕਦਾ ਹਾਂ, “ਓਏ, ਉਹ ਰੱਬੀ ਚੰਗਾਈ ਦੇਣ ਵਾਲਾ ਕਿੱਥੇ ਹੈ, ਉਹ ਗਲੀਲ ਦਾ ਨਬੀ ਕਿੱਥੇ ਹੈ? ਹੁਣ ਉਹ ਕਿੱਥੇ ਹੈ? ਵੇਖਿਆ, ਜੱਦੋ ਅਸਲ ਵਿੱਚ ਉਹਦੇ ਲਈ ਸਮਾਂ ਆਇਆ ਕਿ ਉਹ ਕੁਝ ਕਰੇ, ਉਹ ਚਲਾ ਗਿਆ ਹੈ” । ਇਹੀ ਗਲ ਹੈ । ਸਮਝੇ, ਪਰਮੇਸ਼ੁਰ ਇਹ ਕਰਨਾ ਪਸੰਦ ਕਰਦਾ ਹੈ ਤਾਂ ਕਿ ਲੋਕਾਂ ਨੂੰ ਇਹ ਵਿਖਾਉਣ ਦਾ ਮੌਕਾ ਦਵੇ ਕਿ ਉਹ ਕੀ ਹਨ, ਹਾਂ, ਉਹ ਬੱਸ ਉਹਨਾਂ ਨੂੰ ਪਰਖ ਰਿਹਾ ਹੁੰਦਾ ਹੈ ਕਿ ਉਹ ਅਸਲ ਵਿੱਚ ਕੀ ਹਨ । ਉਹ ਉਨ੍ਹਾਂ ਨੂੰ ਇੱਕ ਬਰਕਤ ਦਿੰਦਾ ਹੈ । ਉਹ ਲੋਕਾਂ ਦੇ ਲਈ ਪ੍ਰਗਟ ਹੁੰਦਾ ਹੈ, ਆਪਣੇ ਆਪ ਨੂੰ ਵਿਖਾਉਂਦਾ ਹੈ, ਆਪਣੀ ਪਛਾਣ ਕਰਾਉਂਦਾ ਹੈ, ਬੱਸ ਇਹ ਵੇਖਣ ਲਈ ਕਿ ਉਹ ਕਿਸ ਤਰਾਂ ਦੀ ਪ੍ਰਤਿਕ੍ਰਿਆ ਕਰਦੇ ਹਨ, ਸਿਰਫ ਇਹ ਵੇਖਣ ਲਈ ਕਿ ਉਹ ਇਸਦੇ ਬਾਰੇ ਕੀ ਕਰਣਗੇ ।

93 ਹੁਣ, ਫਿਰ ਅਸੀਂ ਵੇਖਦੇ ਹਾਂ ਕਿ ਲਾਜਰ ਦੇ ਮਰਨ ਤੋਂ ਕੁਝ ਦਿਨਾਂ ਬਾਅਦ–ਚਾਰ ਦਿਨਾਂ ਬਾਅਦ । ਉਹਨਾਂ ਉਸ ਨੂੰ ਦਫ਼ਨਾ ਦਿੱਤਾ । ਦੂਸਰੇ ਦਿਨ, ਤੀਸਰੇ ਦਿਨ, ਚੌਥੇ ਦਿਨ…ਹੁਣ ਕੋਈ ਵੀ ਜਾਣਦਾ ਹੈ ਕਿ ਤਿੰਨਾ ਦਿਨਾਂ ਬਾਅਦ ਸੜ੍ਹਿਆਂਦ ਆਉਣ ਲਗਦੀ ਹੈ: ਪਹਿਲਾਂ ਨੱਕ ਮੂੰਹ ਤੋਂ ਡਿੱਗ ਜਾਂਦਾ ਹੈ । ਅਤੇ ਫੇਰ ਸੜ੍ਹਿਆਂਦ ਆਉਣ ਲਗਦੀ ਹੈ; ਚਮੜੀ ਦੇ ਕੀੜੇ ਸਰੀਰ ਨੂੰ ਖਾਣਾ ਸ਼ੁਰੂ ਕਰ ਦਿੰਦੇ ਹਨ । ਉਹਨਾਂ ਉਸ ਨੂੰ ਜਮੀਨ ਤੇ ਲਿਟਾਇਆ, ਉਸ ਗੁਫਾ ਦੇ ਅੱਗੇ ਵੱਡਾ ਪੱਥਰ ਰੱਖ ਦਿੱਤਾ ਜਿਸ ਵਿੱਚ ਉਨ੍ਹਾਂ ਉਸ ਨੂੰ ਰੱਖਿਆ ਸੀ । ਅਤੇ ਥੋੜੀ ਥੋੜੀ ਦੇਰ ਬਾਅਦ, ਜਵਾਨ ਕੁੜੀਆਂ ਬਾਹਰ ਜਾਂਦੀਆਂ ਅਤੇ ਕਬਰ ਤੇ ਗੋਡਿਆਂ ਭਾਰ ਹੋ ਕੇ ਰੋਂਦੀਆਂ ।

94 ਅਤੇ ਕੁਝ ਦੇਰ ਬਾਅਦ, ਇਹ ਖ਼ਬਰ ਫੈਲ ਗਈ, “ਯਿਸੂ ਆ ਗਿਆ ਹੈ । ਅਸੀਂ ਉਸ ਨੂੰ ਸ਼ਹਿਰ ਵਿੱਚ ਵੜ੍ਹਦੇ ਹੋਏ ਵੇਖਿਆ ਹੈ” । ਔਹ, ਉਹ ਛੋਟੀ ਮਾਰਥਾ, ਜੋ ਵੇਖਣ ਵਿੱਚ, ਇਹਦੇ ਬਾਰੇ ਬਹੁੱਤ ਢਿੱਲੀ ਜਾਪਦੀ ਸੀ, ਉਸਨੇ ਤੱਦ ਇਹ ਸਾਬਤ ਕਰ ਦਿੱਤਾ ਕਿ ਉਹ ਕਿਸ

ਚੀਜ ਤੋਂ ਬਣੀ ਹੋਈ ਸੀ । ਇਥੇ ਉਹ ਆਉਂਦੀ ਹੈ । ਤੱਦ ਉਹ ਆਪਣੇ ਰਾਹ ਤੇ ਆਉਂਦੀ ਹੈ, ਲੱਭਦਿਆਂ ਹੋਇਆਂ ਭੱਜਦੀ ਹੈ । ਮੈਂ ਉਨ੍ਹਾਂ ਵਿਚੋਂ ਕਈਆਂ ਨੂੰ ਜੋ ਰਾਹ ਉੱਤੇ ਸਨ ਇਹ ਕਹਿੰਦੇ ਹੋਏ ਸੁਣ ਸਕਦਾ ਹਾਂ, "ਅੱਛਾ, ਮੈਨੂੰ ਲਗਦਾ ਹੈ ਕਿ ਹੁਣ ਤੂੰ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਤੇਰਾ ਧਰਮ ਗਲਤ ਸੀ" । ਉਸਨੇ ਬੱਸ ਉਹਨਾਂ ਨਜਰਅੰਦਾਜ ਕਰ ਦਿੱਤਾ ਅਤੇ ਜਾਂਦੀ ਰਹੀ, ਸਾਰੇ ਨਿੰਦਾ ਕਰਨ ਵਾਲਿਆਂ ਦੇ ਕੋਲੋਂ ਦੀ ਲੰਘਦੀ ਗਈ । ਉਹ ਤੱਦ ਤੱਕ ਜਾਂਦੀ ਰਹੀ ਜੱਦ ਤੱਕ ਉਸਨੇ ਉਸ ਨੂੰ ਵੇਖ ਨਾ ਲਿਆ, ਹੋ ਸਕਦਾ ਹੈ ਉਹ ਕਿਸੇ ਗਲੀ ਦੀ ਨੁੱਕਰ ਵਿੱਚ ਬੈਠਾ ਸੀ ।

95 ਹੁਣ, ਇੰਝ ਲਗਦਾ ਸੀ ਕਿ ਉਹ ਜਰੂਰ...ਹੋ ਸਕਦਾ ਹੈ ਕਿ ਉਸਦੇ ਕੋਲ ਉਸ ਨੂੰ ਅਪਮਾਣਿਤ ਕਰਨ ਦਾ ਅਤੇ ਉਸ ਨੂੰ ਬੁਰਾ-ਭਲਾ ਕਹਿਣ ਦਾ ਹੱਕ ਸੀ । ਕਿਓਂ ਨਾ ਉਹ ਦੋੜ੍ਹ ਕੇ ਗਈ ਅਤੇ ਇਹ ਨਹੀਂ ਕਿਹਾ, "ਇਥੇ ਵੇਖ, ਤੂੰ, ਇਥੇ ਵੇਖ । ਤੈਨੂੰ ਇੱਕ ਨਬੀ, ਪਰਮੇਸ਼ੁਰ ਦਾ ਇੱਕ ਮਨੁੱਖ ਮੰਨਿਆ ਜਾਂਦਾ ਹੈ । ਤੂੰ ਉਸ ਵੇਲੇ ਕਿਓਂ ਨਾ ਆਇਆ ਜਦੋ ਅਸੀਂ ਤੈਨੂੰ ਬੁਲਾਇਆ ਸੀ? ਕਿਓਂ, ਅਸੀਂ ਹੁਣ ਨਗਰ ਦੇ ਹਾਸੇ ਦਾ ਸਮਾਨ ਬਣ ਗਏ ਹਾਂ । ਅਸੀਂ ਤੇਰੇ ਪਿੱਛੇ ਚੱਲਣ ਲਈ ਕਲੀਸਿਯਾ ਵਿਚੋਂ ਬਾਹਰ ਆਏ ਸੀ" । ਇਸ ਤਰਾਂ ਲਗਦਾ ਸੀ ਕਿ ਉਸ ਕੋਲ ਇਹ ਕਹਿਣ ਦਾ ਹੱਕ ਸੀ । ਪਰ ਤੁਸੀਂ ਜਾਣਦੇ ਹੋ ਜਿਵੇਂ ਮੈਂ *ਮੇਮਨੇ ਅਤੇ ਕਬੂਤਰ* ਉੱਤੇ ਪਰਚਾਰ ਕੀਤਾ ਸੀ, ਜੇ ਅਸੀਂ ਇੱਕ ਮੇਮਨੇ ਹਾਂ, ਇੱਕ ਮੇਮਨਾ ਉਸ ਹਰੇਕ ਹੱਕ ਨੂੰ ਤਿਆਗ ਦਿੰਦਾ ਹੈ ਜੋ ਉਸ ਕੋਲ ਹੁੰਦਾ ਹੈ । ਅਤੇ ਤੁਹਾਨੂੰ ਹਰੇਕ ਹੱਕ ਤਿਆਗਣਾ ਹੈ ਤਾਂਕਿ ਪਰਮੇਸ਼ੁਰ ਦੀ ਸੇਵਾ ਕਰ ਸਕੋ । ਇਹ ਬਿਲਕੁਲ ਠੀਕ ਹੈ ।

96 ਮੈਂ ਔਰਤਾਂ ਨੂੰ ਜਿਸ ਤਰਾਂ ਦੇ ਉਹ ਛੋਟੇ ਛੋਟੇ ਕਪੜੇ ਪਹਿਣ ਰਹੀਆਂ ਸਨ ਉਸ ਬਾਰੇ ਕਹਿ ਰਿਹਾ ਸੀ, ਤੁਸੀਂ ਜਾਣਦੇ ਹੋ ਉਹਨਾਂ ਕਿਹਾ, "ਅੱਛਾ, ਅਸੀਂ–ਅਸੀਂ ਅਮਰੀਕਨ ਹਾਂ । ਅਸੀਂ ਉਹ ਕਰ ਸਕਦੇ ਹਾਂ ਜੋ ਅਸੀਂ ਕਰਨਾ ਚਾਹੁੰਦੇ ਹਾਂ" ।

97 ਮੈਂ ਕਿਹਾ, "ਇਹ ਬਿਲਕੁਲ ਠੀਕ ਹੈ ਪਰ ਜੇ ਤੁਸੀਂ ਇੱਕ ਮੇਮਨੇ ਹੋ ਤਾਂ ਤੁਸੀਂ ਆਪਣੇ ਅਧਿਕਾਰ ਨੂੰ ਤਿਆਗ ਦਵੋਗੀਆਂ" । ਸਿਗਰਟਾਂ ਪੀਣਾ ਅਤੇ ਇਸ ਤਰਾਂ ਦੇ ਕੰਮ ਕਰਨੇ, ਇਹ ਸਭ ਤੋਂ ਬੁਰਾ ਕੰਮ ਹੈ ਜੋ ਇੱਕ ਔਰਤ ਨੇ ਕਦੇ ਕੀਤਾ ਹੈ । ਇਹ ਬਿਲਕੁਲ ਠੀਕ ਹੈ ।

98 ਜਿਆਦਾ ਚਿਰ ਨਹੀਂ ਹੋਇਆ ਇੱਕ ਔਰਤ ਨੇ ਮੈਨੂੰ ਕਿਹਾ, ਮੇਰੇ ਨਾਲ ਗੱਲ ਕਰਦੇ ਹੋਏ ਕਿਹਾ, "ਪਰ, ਭਾਈ ਬ੍ਰਾਨਹਾਮ ਉਹ ਕਿਸੇ ਹੋਰ ਤਰਾਂ ਦੇ ਕਪੜੇ ਨਹੀਂ ਬਣਾਉਂਦੇ" ।

99 ਮੈਂ ਕਿਹਾ, "ਪਰ ਉਹ ਅਜੇ ਵੀ ਸਿਲਾਈ ਮਸ਼ੀਨਾਂ ਬਣਾਉਂਦੇ ਹਨ । ਇਸ ਦੇ ਲਈ ਕੋਈ ਵੀ ਬਹਾਨਾ ਨਹੀਂ ਹੈ" । ਇਹ ਬਿਲਕੁਲ ਠੀਕ ਹੈ ।

100 ਯਾਦ ਰੱਖਣਾ, ਤੁਸੀਂ ਆਪਣੇ ਪਤੀ ਦੇ ਲਈ ਪਵਿੱਤਰ ਹੋ ਸਕਦੀਆਂ ਹੋ ਪਰ ਕਿਸੇ ਦਿਨ, ਤੁਹਾਨੂੰ ਇਸ ਦੇ ਕਾਰਨ ਹੋਏ ਵਿਭਚਾਰ ਦੇ ਲਈ ਜਵਾਬ ਦੇਣਾ ਪਵੇਗਾ, ਬੱਸ ਜਿਵੇਂ ਇਹ ਯਕੀਨੀ ਹੈ: "ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤੱਦ ਹੀ ਆਪਣੇ ਮਨੋਂ ਉਹ ਦੇ ਨਾਲ ਜਨਾਹ ਕਰ ਚੁੱਕਿਆ"।

101 ਅੱਜ ਪੈਂਟੀਕਾਸਟਲ ਔਰਤਾਂ ਨਾਲ ਕੀ ਮਾਮਲਾ ਹੈ, ਇਸ ਲਈ ਹੀ ਮੈਂ ਹੈਰਾਨ ਹੁੰਦਾ ਹਾਂ । ਕਿਵੇਂ ਤੁਸੀਂ ਪੁਰਾਣੀ ਲਕੀਰ ਤੋਂ ਦੂਰ ਹੋ ਗਈਆਂ ਹੋ । ਤੁਹਾਡੀਆਂ ਮਾਂਵਾਂ ਕਿਸ ਤਰਾਂ ਲਮੇਂ ਵਾਲ ਰੱਖਦੀਆਂ ਹੁੰਦੀਆ ਸਨ ਅਤੇ ਅੱਜ ਪੈਂਟੀਕਾਸਟਲ ਔਰਤਾਂ ਕਾਰਨੀਵਲ ਸਮਾਰੋਹ ਦੇ ਝੁੰਡ ਵਾਂਗ ਰੰਗ ਰੋਗਨ ਲਗਾਉਂਦਿਆਂ ਹਨ ਅਤੇ ਆਪਣੇ ਵਾਲ ਕੱਟਦੀਆਂ ਹਨ ਅਤੇ ਉਸ ਤਰਾਂ

ਦੇ ਪੁਰਾਣੇ ਛੋਟੇ ਛੋਟੇ ਕਪੜੇ ਪਹਿਣਦੀਆਂ ਹਨ, ਬੱਸ ਜਿਸ ਤਰਾਂ ਬਾਕੀ...ਬਾਹਰ ਜਾਂਦੀਆਂ ਹਨ ਅਤੇ ਦੁਪਿਹਰੇ ਵਿਹੜੇ ਵਿੱਚ ਮਸ਼ੀਨ ਨਾਲ ਘਾਹ ਕੱਟਦੀਆਂ ਹੋ, ਜਦੋਂ ਪੁਰਸ਼ ਉਥੋਂ ਲੰਘਦੇ ਹਨ, ਕੀ ਤੁਹਾਨੂੰ ਕੋਈ ਅਹਿਸਾਸ ਹੈ ਔਰਤੋ ਕਿ ਤੁਹਾਨੂੰ ਉਹਨਾਂ ਪੁਰਸ਼ਾਂ ਨਾਲ ਵਿਭਚਾਰ ਕਰਨ ਦੇ ਲਈ ਜਵਾਬ ਦੇਣਾ ਹੀ ਪੈਣਾ ਹੈ? ਤੁਸੀਂ ਉਸੇ ਮਕਸਦ ਲਈ ਆਪਣੇ ਆਪ ਨੂੰ ਉਹਨਾਂ ਦੇ ਸਾਹਮਣੇ ਪੇਸ਼ ਕਰਦੀਆਂ ਹੋ । ਇਹ ਇੱਕ ਦੁਸ਼ਟ ਆਤਮਾ ਹੈ ਜੋ ਕਲੀਸਿਯਾ ਅਤੇ ਲੋਕਾਂ ਉੱਪਰ ਹੈ, ਅਤੇ ਉਹ ਇਸ ਨੂੰ ਨਹੀਂ ਜਾਣਦੇ । ਅੰਨ੍ਹੇ ਹਨ ਅਤੇ ਇਸ ਨੂੰ ਨਹੀਂ ਜਾਣਦੇ । ਇਹ ਸਚਾਈ ਹੈ ।

102 ਹੋ ਸਕਦਾ ਹੈ ਤੁਸੀਂ ਸ਼ਾਇਦ ਕਹਿ ਸਕਦੇ ਹੋ ਕਿ ਇੱਕ ਪਰਚਾਰਕ ਹੋਣ ਦੇ ਕਾਰਨ ਮੈਨੂੰ ਇਹ ਕਹਿਣ ਦਾ ਹੱਕ ਨਹੀਂ ਹੈ । ਅੱਛਾ, ਮੈਨੂੰ–ਮੈਨੂੰ ਪਵਿੱਤਰ ਆਤਮਾ ਦੇ ਅਗੁਵਾਈ ਦੇ ਪਿੱਛੇ ਚੱਲਣਾ ਹੈ; ਇਹੀ ਸਭ ਹੈ ਜੋ ਮੈਂ ਕਹਿ ਸਕਦਾ ਹਾਂ । ਤੁਸੀਂ...ਜੇ ਮੈਂ ਤੁਹਾਨੂੰ ਨਿਆਂ ਤੇ ਮਿਲਾਂ ਤਾਂ ਫੇਰ ਤੁਹਾਡਾ ਲਹੂ ਮੇਰੇ ਹੱਥਾਂ ਉੱਤੇ ਨਹੀਂ ਹੋਵੇਗਾ । ਹਰੇਕ ਉਸ ਥਾਂ ਤੋਂ ਦੂਰ ਹੋ ਜਾਓ ਜੋ ਸ਼ਤਾਨ ਜਿਹੀ ਦਿੱਸਦੀ ਹੈ । ਇਸ ਤੋਂ ਦੂਰ ਰਹੋ । ਇਸ ਤੋਂ ਦੂਰ ਚਲੇ ਜਾਓ । ਮੈਂ ਇਹ ਪਰਵਾਹ ਨਹੀਂ ਕਰਦਾ ਕਿ ਕਿੰਨੇ ਟੈਲੀਵਿਜ਼ਨ ਦੇ ਸਿਤਾਰੇ...ਤੁਸੀਂ ਇਥੇ ਇੱਕ ਟੈਲੀਵਿਜ਼ਨ ਦੇ ਸਿਤਾਰੇ ਨਹੀਂ ਹੋ, ਤੁਸੀਂ ਪਰਮੇਸ਼ੁਰ ਦੀ ਇੱਕ ਪੁੱਤਰੀ ਹੋ ।

103 ਕਿਸੇ ਦਿਨ ਮੈਂ ਇੱਕ ਪਾਸਟਰ ਦੀ ਕਲੀਸਿਯਾ ਵਿੱਚ ਪ੍ਰਚਾਰ ਕੀਤਾ, ਇੱਕ ਪੁਰਾਣੇ ਗੁਲਾਮ ਦੇ ਬਾਰੇ, ਬਹੁਤ ਸਮਾਂ ਪਹਿਲਾਂ ਜੱਦ ਉਹ ਗੁਲਾਮਾਂ ਨੂੰ ਵੇਚਿਆ ਕਰਦੇ ਸਨ । ਅਤੇ ਉਹ ਆਉਂਦੇ ਸਨ ਅਤੇ ਉਹਨਾਂ ਨੂੰ ਨੀਲਾਮੀ ਦੁਆਰਾ ਮੁੱਲ ਲੈਂਦੇ ਸਨ । ਅਤੇ ਉਹ ਲੋਕ ਰੋਂਦੇ, ਚੀਕਦੇ, ਆਪਣੇ ਵਤਨ ਦੇ ਕਾਰਨ; ਕਿਓਂਕਿ ਉਹ ਦੁਬਾਰਾ ਉਥੇ ਕਦੇ ਨਹੀਂ ਜਾ ਸਕਦੇ ਸਨ । ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਕੋਰੜੇ ਮਾਰਨੇ ਪੈਂਦੇ ਹਨ । ਅਤੇ ਉਹ ਉਨ੍ਹਾਂ ਨੂੰ ਇਸ ਤਰਾਂ ਮੁੱਲ ਲੈਂਦੇ ਸਨ ਜਿਸ ਤਰਾਂ ਤੁਸੀਂ ਇੱਕ ਮੋਟਰ ਗੱਡੀ ਮੁੱਲ ਲੈਂਦੇ ਹੋ, ਬੱਸ ਜਿਵੇਂ ਕਿਸੇ ਵੀ ਚੀਜ ਦੇ ਲਈ ਮੁੱਲ ਦਿੰਦੇ ਹੋ ਅਤੇ ਉਹ ਮਨੁੱਖਾਂ ਨੂੰ ਵੇਚਦੇ ਸਨ ।

104 ਅਤੇ ਇੱਕ ਦਿਨ ਇੱਕ ਖਰੀਦਦਾਰ, ਇੱਕ ਦਲਾਲ ਇੱਕ ਵੱਡੇ...ਇੱਕ ਵੱਡੀ ਗੁਲਾਮਾਂ ਦੀ ਅਦਲਾ ਬਦਲੀ ਦੀ ਮੰਡੀ ਵਿੱਚ ਆਇਆ । ਅਤੇ ਉਹਨੇ ਕਿਹਾ, "ਤੁਹਾਡੇ ਕੋਲ ਵੇਚਣ ਲਈ ਕਿੰਨੇ ਗੁਲਾਮ ਹਨ?"

105 ਕਿਹਾ, "ਅੱਛਾ, ਮੇਰੇ ਕੋਲ ਬਦਲਣ ਲਈ ਕੁਝ ਹਨ" । ਉਹ ਉਨ੍ਹਾਂ ਨੂੰ ਵੱਡੇ ਕਰਨ ਦੀ ਕੋਸ਼ਿਸ ਕਰਦੇ ਸਨ । ਉਹਨਾਂ ਦੀਆਂ ਮਾਵਾਂ, ਪਿਤਾਵਾਂ ਨੂੰ ਲੈਂਦੇ...ਜੇਕਰ ਉਹਨੇ ਜਿਸ ਔਰਤ ਨਾਲ ਵਿਆਹ ਕੀਤਾ ਹੁੰਦਾ ਉਹ ਇੱਕ ਛੋਟੀ ਕਮਜੋਰ ਔਰਤ ਹੁੰਦੀ, ਉਹ ਉਹਨਾਂ ਵੱਡੇ ਸਿਹਤਮੰਦ ਪੁਰਸ਼ਾਂ ਨੂੰ ਲੈਂਦੇ ਅਤੇ ਉਹਨਾਂ ਤੋਂ ਪੈਦਾਇਸ਼ ਕਰਵਾਉਂਦੇ...ਜਿਸ ਤਰਾਂ ਘੋੜੇ ਅਤੇ ਜਾਨਵਰ ਹੁੰਦੇ ਹਨ । ਇਹ ਕਦੇ ਵੀ ਸਹੀ ਨਹੀਂ ਸੀ । ਪਰਮੇਸ਼ੁਰ ਨੇ ਮਨੁੱਖ ਨੂੰ ਬਣਾਇਆ । ਮਨੁੱਖ ਨੇ ਗੁਲਾਮ ਬਣਾਏ । ਇਹ ਮੁਢੋਂ ਹੀ ਸਹੀ ਨਹੀਂ ਸੀ, ਕਦੇ ਵੀ ਨਹੀਂ ਸੀ । ਪਰਮੇਸ਼ੁਰ ਦਾ ਕਦੇ ਇਹ ਇਰਾਦਾ ਨਹੀਂ ਸੀ ਕਿ ਕੋਈ ਵੀ ਮਨੁੱਖ ਇੱਕ ਗੁਲਾਮ ਬਣੇ । ਨਹੀਂ, ਸ਼੍ਰੀ ਮਾਨ । ਅਤੇ ਨਹੀਂ...ਵੇਖੋ ਕੀ ਵਾਪਰਿਆ ਸੀ ।

106 ਫੇਰ ਉਨ੍ਹਾਂ ਸਭਨਾਂ ਦੇ ਵਿਚਕਾਰ ਉਸ ਆਦਮੀ ਨੇ ਕਿਹਾ, "ਅੱਛਾ, ਮੈਂ ਉਹਨਾਂ ਦੇ ਵਿਚੋਂ ਕੁਝ ਖਰੀਦਣਾ ਚਾਹਾਂਗਾ..." ਉਸਨੇ ਉਥੇ ਇੱਕ ਜਵਾਨ ਆਦਮੀ ਵਲ ਧਿਆਨ ਦਿੱਤਾ । ਉਨ੍ਹਾਂ ਨੂੰ ਉਸ ਦੇ ਕੋਰੜੇ ਨਹੀਂ ਮਾਰਨੇ ਪੈਂਦੇ ਸਨ । ਉਸ ਦੀ ਠੋਡੀ ਉਪਰ ਸੀ, ਸਿਰ ਉੱਪਰ ਸੀ,

ਬੱਸ ਇੱਕ ਅਸਲ ਸੱਜਣ ਆਦਮੀ ਦੇ ਵਾਂਗ ਉਹ ਇਧਰ ਉਧਰ ਚੱਲ ਰਿਹਾ ਸੀ । ਅਤੇ ਉਸ ਦਲਾਲ ਨੇ ਕਿਹਾ, "ਮੈਂ ਉਸ ਨੂੰ ਖਰੀਦਣਾ ਚਾਹੁੰਦਾ ਹਾਂ" ।

107 ਉਸਨੇ ਕਿਹਾ, "ਪਰ ਉਹ ਵਿਕਾਊ ਨਹੀਂ ਹੈ" ।

108 ਉਸਨੇ ਕਿਹਾ, "ਅੱਛਾ, ਕਿਓਂ?" ਪੁੱਛਿਆ, "ਕੀ ਉਹ ਮਾਲਕ ਹੈ?"

109 ਉਸਨੇ ਕਿਹਾ, "ਨਹੀਂ, ਉਹ ਇੱਕ ਗੁਲਾਮ ਹੈ" ।

110 "ਅੱਛਾ," ਪੁੱਛਿਆ, "ਕਿਓਂ? ਕੀ ਤੁਸੀਂ ਉਸ ਨੂੰ ਉਨ੍ਹਾਂ ਬਾਕੀ ਗੁਲਾਮਾਂ ਨਾਲੋਂ ਵੱਧੀਆ ਖੁਆਉਂਦੇ ਹੋ?"

111 ਉਸਨੇ ਕਿਹਾ, "ਨਹੀਂ । ਉਹ ਬਾਕੀ ਗੁਲਾਮਾਂ ਨਾਲ ਗਲਿਆਰੇ ਵਿੱਚ ਖਾਂਦਾ ਹੈ । ਉਹ ਇੱਕ ਗੁਲਾਮ ਹੈ" ।

112 ਉਸਨੇ ਕਿਹਾ, "ਕੀ ਹੈ ਜੋ ਉਸ ਨੂੰ ਬਾਕੀ ਗੁਲਾਮਾਂ ਨਾਲੋਂ ਇੰਨਾ ਜਿਆਦਾ ਵੱਖਰਾ ਬਣਾਉਂਦਾ ਹੈ?"

113 ਅਤੇ ਮਾਲਕ ਨੇ ਕਿਹਾ, "ਮੈਂ ਆਪ ਵੀ ਬਹੁਤ ਚਿਰ ਇਸ ਦੇ ਲਈ ਹੈਰਾਨ ਹੁੰਦਾ ਰਿਹਾ ਪਰ ਇੱਕ ਦਿਨ ਮੈਨੂੰ ਪਤਾ ਲੱਗ ਗਿਆ । ਦੂਰ ਉਸਦੇ ਆਪਣੇ ਵਤਨ ਵਿੱਚ, ਉਸਦਾ ਪਿਤਾ ਇੱਕ ਕਬੀਲੇ ਦਾ ਰਾਜਾ ਹੈ । ਅਤੇ ਭਾਵੇਂ ਉਹ ਆਪਣੇ ਘਰ ਤੋਂ ਦੂਰ ਇੱਕ ਪਰਦੇਸ਼ੀ ਹੈ, ਉਹ ਅਜੇ ਵੀ ਜਾਣਦਾ ਹੈ ਕਿ ਉਹ ਇੱਕ ਰਾਜੇ ਦਾ ਪੁੱਤ੍ਰ ਹੈ ਤੇ ਇੱਕ ਰਾਜੇ ਦੇ ਪੱਤ੍ਰ ਵਾਂਗ ਹੀ ਵਿਹਾਰ ਕਰਦਾ ਹੈ" । ਜੇਕਰ ਉਹ...ਜੇਕਰ ਇੱਕ ਅਫ਼੍ਰੀਕਾ ਦੇ ਵਾਸੀ ਨੂੰ ਇਹ ਅਹਿਸਾਸ ਸੀ ਕਿ ਉਸਦਾ ਪਿਤਾ ਇੱਕ ਕਬੀਲੇ ਦਾ ਰਾਜਾ ਹੈ ਅਤੇ ਇਥੇ ਇੱਕ ਪਰਦੇਸ਼ੀ ਇੱਕ ਅਨਜਾਨ ਦੇਸ਼ ਵਿੱਚ ਹੁਣ ਵੀ ਜਾਣ ਸਕਦਾ ਹੈ ਕਿ ਸਮੁੰਦਰੋਂ ਪਾਰ ਉਹ ਇੱਕ ਰਾਜੇ ਦਾ ਪੁੱਤ੍ਰ ਹੈ, ਪੁਰਸ਼ਾਂ ਅਤੇ ਔਰਤਾਂ ਨੂੰ ਜੋ ਪਰਮੇਸ਼ੁਰ ਦੇ ਪੁੱਤ੍ਰ ਅਤੇ ਧੀਆਂ ਹਨ, ਉਨ੍ਹਾਂ ਨੂੰ ਕਿਸ ਤਰਾਂ ਆਪਣੇ ਆਪ ਵਿੱਚ ਰਵੱਈਆ ਰੱਖਣਾ ਚਾਹੀਦਾ ਹੈ? ਉਸੇ ਤਰਾਂ ਦੇ ਕੰਮ ਕਰੋ । ਯਕੀਨਨ । ਆਪਣੇ ਆਪ ਨੂੰ ਉਸੇ ਤਰਾਂ ਚਲਾਓ; ਆਪਣੇ ਆਪ ਨੂੰ ਸਾਫ਼ ਕਰੋ ਅਤੇ ਪਰਮੇਸ਼ੁਰ ਦੇ ਪੁੱਤ੍ਰ ਅਤੇ ਧੀਆਂ ਵਰਗੇ ਕੰਮ ਕਰੋ । ਕੋਈ ਹੈਰਾਨੀ ਨਹੀਂ, ਕਿਸ ਤਰਾਂ ਦੀ ਹਾਲਤ ਹੈ ।

114 ਅਸੀਂ ਇਥੇ ਹਾਂ । ਔਹ, ਛੋਟੀ ਮਾਰਥਾ ਦੋੜ੍ਹਦੀ ਹੋਈ ਬਾਹਰ ਆਈ । ਇਸ ਤਰਾਂ ਲੱਗ ਰਿਹਾ ਸੀ ਕਿ ਉਸ ਕੋਲ ਇੱਕ-ਇੱਕ ਵਜ੍ਹਾ ਸੀ ਕਿ ਉਹ ਉਹਦੇ ਵਿਰੁੱਧ ਕੁਝ ਕਹਿੰਦੀ । "ਤੂੰ ਮੇਰੇ ਭਰਾ ਦੇ ਕੋਲ ਕਿਉਂ ਨਹੀਂ ਆਇਆ? ਵੇਖ ਅਸੀਂ ਤੇਰੇ ਲਈ ਕੀ ਕੁਝ ਕੀਤਾ ਅਤੇ ਤੂੰ ਸਾਨੂੰ ਨਿਰਾਸ਼ ਕਰ ਦਿੱਤਾ ਹੈ" । ਅੱਛਾ, ਜੇਕਰ ਉਹਨੇ ਇਹ ਕਿਹਾ ਹੁੰਦਾ ਤਾਂ ਕਹਾਣੀ ਜਿਸ ਤਰਾਂ ਖਤਮ ਹੋਈ ਉਸ ਤਰਾਂ ਨਾ ਹੁੰਦੀ । ਨਹੀਂ, ਸ਼੍ਰੀਮਾਨ । ਇਹੀ ਤਰੀਕਾ ਹੈ ਜਿਸ ਨਾਲ ਤੁਸੀਂ ਪਰਮੇਸ਼ੁਰ ਦੇ ਦੈਵੀ ਦਾਨ ਵਲ ਜਾਂਦੇ ਹੋ । ਜੇਕਰ ਪਰਮੇਸ਼ੁਰ ਇੱਕ ਦਾਨ ਭੇਜਦਾ ਹੈ, ਤਾਂ ਤੁਹਾਨੂੰ ਇਸ ਨੂੰ ਠੀਕ ਰਵੱਈਏ ਨਾਲ ਲੈਣਾ ਚਾਹੀਦਾ ਹੈ । ਜੇਕਰ ਤੁਸੀਂ ਇਸ ਤੋਂ ਕੁਝ ਲੈਣ ਦੀ ਆਸ ਰਖਦੇ ਹੋ ਤਾਂ ਤੁਹਾਨੂੰ ਇਸ ਨੂੰ ਠੀਕ ਰਵੱਈਏ ਨਾਲ ਲੈਣਾ ਪਵੇਗਾ । ਅਤੇ ਮਾਰਥਾ ਇਹ ਜਾਣਦੀ ਸੀ । ਸ਼ਾਇਦ ਉਹਨੇ ਸ਼ੂਨੰਮੀ ਤੀਵੀਂ ਅਤੇ ਉਹਦੇ ਬੱਚੇ ਦੇ ਬਾਰੇ ਪੜ੍ਹਿਆ ਸੀ । ਅਤੇ ਉਹ...ਜੇਕਰ ਉਹ ਸ਼ੂਨੰਮੀ ਤੀਵੀਂ ਜਾਣਦੀ ਸੀ ਕਿ ਪਰਮੇਸ਼ੁਰ ਏਲਿਯਾਹ ਵਿੱਚ ਸੀ ਤਾਂ ਉਹ ਕਿੰਨਾ ਵੱਧਕੇ ਯਿਸੂ ਵਿੱਚ ਸੀ? ਯਕੀਨਨ ।

115 ਇਸ ਲਈ ਉਹ ਸਹੀ ਰਵੱਈਏ ਨਾਲ ਗਈ । ਉਹ ਦੋੜ੍ਹ ਕੇ ਗਈ ਅਤੇ ਉਹਦੇ ਚਰਨਾਂ ਵਿੱਚ ਡਿੱਗ ਪਈ । ਮੈਂ ਇਹ ਪਸੰਦ ਕਰਦਾ ਹਾਂ! ਉਹਦੇ ਚਰਨਾਂ ਵਿੱਚ ਡਿੱਗ ਗਈ ਅਤੇ ਕਿਹਾ,

"ਪ੍ਰਭੂ..." ਇਹੀ ਉਹਦੀ ਸਹੀ ਉਪਾਧੀ ਹੈ । ਇਹ ਹੀ ਸੀ, ਜੋ ਉਹ ਸੀ । ਉਹ ਉਹਦਾ ਪ੍ਰਭੂ ਸੀ । "ਪ੍ਰਭੂ, ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ" ।

116 ਔਹ, ਮੇਰੇ ਪਰਮੇਸ਼ੁਰ। ਔਹ, ਮੈਂ ਉਹਦੇ ਮਹਾਨ ਦਿਲ ਬਾਰੇ ਸੋਚ ਸਕਦਾ ਹਾਂ ਜੱਦ ਉਸਨੇ ਉਸ ਸੁੰਦਰ ਔਰਤ ਵਲ੍ਹ ਵੇਖਿਆ, ਅੱਥਰੂ ਉਹਦੀਆਂ ਅੱਖਾਂ ਵਿਚੋਂ ਵੱਗ ਰਹੇ ਸਨ । ਉਹਨੇ ਕਿਹਾ, "ਪ੍ਰਭੂ, ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ" । ਵੇਖੋ ਉਹਨੇ ਕੀ ਕਿਹਾ, "ਪਰ ਫਿਰ ਵੀ ਪ੍ਰਭੂ, ਭਾਵੇਂ ਉਹ ਮਰ ਗਿਆ ਹੈ, ਭਾਵੇਂ ਚਮੜੀ ਦੇ ਕੀੜੇ ਉਹਦੇ ਸਰੀਰ ਵਿੱਚ ਘਿਸਰ ਰਹੇ ਹਨ, ਫਿਰ ਵੀ ਪ੍ਰਭੂ, ਜੋ ਵੀ ਤੂੰ ਪਰਮੇਸ਼ੁਰ ਤੋਂ ਮੰਗੇ, ਪਰਮੇਸ਼ੁਰ ਤੈਨੂੰ ਉਹ ਦੇ ਦਵੇਗਾ" ।

117 ਔਹ, ਇਹੀ ਭੇਤ ਹੈ । ਹੋ ਸਕਦਾ ਹੈ ਤੁਸੀਂ ਕਹਿ ਸਕਦੇ ਹੋ, "ਮੈਂ ਹਰੇਕ ਹੱਸਪਤਾਲ ਨੂੰ ਛਾਣ ਮਾਰਿਆ ਹੈ । ਡਾਕਟਰ ਕਹਿੰਦਾ ਹੈ ਕਿ ਮੈਂ ਮਰਨ ਵਾਲਾ ਹਾਂ, ਪਰ ਹੁਣ ਵੀ, ਪ੍ਰਭੂ...ਮੈਂ ਜੋੜਾਂ ਦੇ ਦਰਦ ਨਾਲ ਪੂਰੀ ਤਰਾਂ ਅਪਾਹਿਜ ਹੋ ਗਿਆ ਹਾਂ; ਮੈਂ ਹਿੱਲ ਨਹੀਂ ਸਕਦਾ ਪਰ ਫਿਰ ਵੀ ਪ੍ਰਭੂ..."

118 ਉਹ ਛੋਟਾ ਬੱਚਾ ਜਿਸਦਾ ਸਿਰ ਬਹੁੱਤ ਵੱਡਾ ਸੀ, ਕਲ੍ਹ ਰਾਤ ਬਹੁਤ ਵੱਡਾ ਸੀ । ਉਥੇ ਅਜਿਹਾ ਕੁਝ ਨਹੀਂ ਜੋ ਤੁਸੀਂ ਕਰ ਸਕਦੇ ਹੋ । ਇਹ ਫੈਲਦਾ ਜਾਵੇਗਾ ਅਤੇ ਉਹਦੇ ਛੋਟੇ ਸਿਰ ਨੂੰ ਫਾੜ ਦਵੇਗਾ ਅਤੇ ਉਹ ਮਰ ਜਾਵੇਗਾ, "ਪਰ ਫਿਰ ਵੀ, ਪ੍ਰਭੂ..." ਅਤੇ ਉਹ ਸ਼ਰਬਸ਼ਕਤੀਮਾਨ ਪਰਮੇਸ਼ੁਰ ਦੇ ਸੱਜੇ ਹੱਥ ਬੈਠਾ ਹੋਇਆ ਹੈ, ਸਾਡੇ ਲਈ ਉਹਨਾਂ ਚੀਜਾਂ ਲਈ ਸਫ਼ਾਰਸ਼ ਕਰਦਾ ਹੈ ਜਿਨ੍ਹਾਂ ਦਾ ਅਸੀਂ ਦਾਵਾ ਕਰਦੇ ਹਾਂ ਕਿ ਉਹਨੇ ਸਾਡੇ ਲਈ ਕੀਤੀਆਂ ।

119 ਹੁਣ, ਮੈਂ ਸੱਚਮੁਚ ਧਾਰਮਿਕ ਮਹਿਸੂਸ ਕਰ ਰਿਹਾ ਹਾਂ । ਯਕੀਨਨ ਕਰ ਰਿਹਾ ਹਾਂ । ਤੁਸੀਂ ਮੈਨੂੰ ਇੱਕ ਪਵਿੱਤਰ ਪਖੰਡੀ ਕਹੋਗੇ ਪਰ ਫਿਰ ਵੀ ਇਸ ਲਈ ਕਹਿ ਰਿਹਾ ਹਾਂ ਤਾਂ ਕਿ ਤੁਸੀਂ ਵੀ ਮਹਿਸੂਸ ਕਰਨਾ ਸ਼ੁਰੂ ਕਰੋ ਅਤੇ ਇਸ ਨੂੰ ਸਮਝ ਸਕੋ ।

120 ਇਸ ਲਈ, ਹਾਂ ਸ਼੍ਰੀਮਾਨ, "ਫਿਰ ਵੀ, ਪ੍ਰਭੂ, ਤੂੰ ਪਰਮੇਸ਼ੁਰ ਤੋਂ ਜੋ ਵੀ ਮੰਗੇਗਾ, ਪਰਮੇਸ਼ੁਰ ਤੈਨੂੰ ਉਹ ਦੇ ਦਵੇਗਾ" ।

121 ਯਿਸੂ ਨੇ ਕਿਹਾ, "ਮੇਰੇ ਨਾਮ ਵਿੱਚ ਪਿਤਾ ਕੋਲੋਂ ਜੋ ਵੀ ਮੰਗੋ, ਮੈਂ ਇਹ ਕਰ ਦਵਾਂਗਾ" ।

122 "ਹੁਣ ਵੀ ਪ੍ਰਭੂ, ਤੂੰ ਜੋ ਵੀ ਮੰਗੇਗਾ, ਪਰਮੇਸ਼ੁਰ ਤੈਨੂੰ ਉਹ ਦੇ ਦਵੇਗਾ" । ਔਹ, ਇਹ ਗੱਲ ਜਰੁਰ ਉਹਦੇ ਮਹਾਨ ਹਿਰਦੇ ਵਿੱਚ ਚਲੀ ਗਈ ਹੋਵੇਗੀ ।

123 ਉਹਨੇ ਕਿਹਾ, "ਤੇਰਾ ਭਰਾ ਜੀ ਉੱਠੇਗਾ" ।

124 ਉਹਨੇ ਕਿਹਾ, "ਹਾਂ, ਪ੍ਰਭੂ । ਉਹ ਜੀਵੇਗਾ । ਉਹ ਇੱਕ ਚੰਗਾ ਲੜਕਾ ਸੀ । ਉਹ ਅੰਤ ਦੇ ਦਿਨਾਂ ਵਿੱਚ ਪਹਿਲੀ ਕਿਆਮਤ ਨੂੰ ਜੀ ਉੱਠੇਗਾ" । ਉਹ ਯਹੂਦੀ ਪਹਿਲੀ ਕਿਆਮਤ ਵਿੱਚ ਵਿਸ਼ਵਾਸ ਕਰਦੇ ਸਨ । "ਉਹ ਅੰਤ ਦੇ ਦਿਨਾਂ ਵਿੱਚ ਪਹਿਲੀ ਕਿਆਮਤ ਨੂੰ ਜੀ ਉੱਠੇਗਾ ।

125 ਉਹਦੀ ਵਲ੍ਹ ਵੇਖੋ । ਉਹਨੇ ਆਪਣੇ ਆਪ ਨੂੰ ਸਿੱਧਾ ਕੀਤਾ । ਉਹਨੇ ਕਿਹਾ, "ਕਿਆਮਤ ਅਤੇ ਜੀਵਨ ਮੈਂ ਹੀ ਹਾਂ" । ਔਹ ਮੇਰੇ ਪ੍ਰਭੂ। ਉਥੇ ਪਹਿਲਾਂ ਕਦੇ ਕੋਈ ਮਨੁੱਖ ਨਹੀਂ ਸੀ ਜੋ ਇਸ ਨੂੰ ਕਹਿ ਸਕਦਾ ਸੀ । ਉਸ ਤੋਂ ਬਾਅਦ ਵੀ ਕੋਈ ਵੀ ਇਹ ਨਹੀਂ ਕਹਿ ਸਕੇਗਾ । ਉਹੀ ਇੱਕ ਹੈ ਜੋ ਇਸ ਨੂੰ ਕਹਿ ਸਕਦਾ ਹੈ । "ਕਿਆਮਤ ਅਤੇ ਜੀਵਨ ਮੈਂ ਹੀ ਹਾਂ," ਪ੍ਰਭੂ ਨੇ ਕਿਹਾ । "ਉਹ ਜੋ ਮੇਰੇ ਤੇ ਵਿਸ਼ਵਾਸ ਕਰਦਾ ਹੈ ਭਾਵੇਂ ਉਹ ਮਰ ਵੀ ਜਾਵੇ, ਫਿਰ ਵੀ ਉਹ ਜੀਵੇਗਾ

। ਅਤੇ ਜੋ ਕੋਈ ਵੀ ਮੇਰੇ ਵਿੱਚ ਰਹਿੰਦਾ ਅਤੇ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ ਉਹ ਕਦੇ ਨਾ ਮਰੇਗਾ । ਕੀ ਤੂੰ ਇਹ ਵਿਸ਼ਵਾਸ ਕਰਦੀ ਹੈਂ?

126 ਉਹਨੇ ਕਿਹਾ, "ਹਾਂ, ਪ੍ਰਭੂ" । ਔਹ, ਉਹ ਜਾਣਦੀ ਸੀ ਕਿ ਕੁਝ ਹੋਣ ਵਾਲਾ ਹੈ । ਹੋਣਾ ਹੀ ਸੀ ।

127 ਜੱਦ ਵਿਸ਼ਵਾਸ ਕਿਸੇ ਇਮਾਨਦਾਰ ਹਿਰਦੇ ਵਿਚੋਂ ਪਰਮੇਸ਼ੁਰ ਨੂੰ ਮਿਲਦਾ ਹੈ ਤਾਂ ਪਹਿਏ ਦੇ ਦੰਦ *ਇਸ* ਤਰਾਂ ਇੱਕਠੇ ਹੋ ਜਾਂਦੇ ਹਨ । ਕੁਝ ਤਾਂ ਹੋਣਾ ਹੀ ਹੁੰਦਾ ਹੈ । ਮੈਂ ਯਿਸੂ ਮਸੀਹ ਦੇ ਨਾਮ ਵਿੱਚ ਇਨ੍ਹਾਂ ਸਰੋਤਿਆਂ ਨੂੰ ਚੁਣੋਤੀ ਦਿੰਦਾ ਹਾਂ, ਆਪਣੇ ਵਿਸ਼ਵਾਸ ਨੂੰ ਪਰਮੇਸ਼ੁਰ ਨਾਲ ਉਸ ਤਰਾਂ ਜੁੜ੍ਹਣ ਦਿਓ, ਕੁਝ ਹੀ ਮਿੰਟਾਂ ਵਿੱਚ ਸਾਡੇ ਕੋਲ ਇੱਕ ਹੋਰ ਪੰਤੇਕੁਸਤ ਹੋਵੇਗਾ । ਇਸ ਨਗਰ ਵਿੱਚ ਇੱਕ ਅਜਿਹੀ ਬੇਦਾਰੀ ਫੈਲ ਜਾਵੇਗੀ ਕਿ ਇਸ ਦੇਸ਼ ਵਿੱਚ ਇੰਨੀ ਪੁਲਿਸ ਨਹੀਂ ਹੋਵੇਗੀ ਕਿ ਉਹਨਾਂ ਨੂੰ ਸ਼ਾਂਤ ਰੱਖ ਸਕੇ । ਇਹ ਠੀਕ ਹੈ । ਇੱਕ ਅਸਲ ਬੇਦਾਰੀ ਹੋਵੇਗੀ । "ਹੁਣ ਵੀ, ਪ੍ਰਭੂ…"

128 "ਖੈਰ; ਪ੍ਰਭੂ, ਅਸੀਂ ਇਸ ਜਗ੍ਹਾ ਤੇ ਫੜੇ ਗਏ ਹਾਂ; ਅਸੀਂ ਇਹ ਕੀਤਾ ਅਤੇ ਉਹ ਕੀਤਾ" । ਮੈਂ ਪਰਵਾਹ ਨਹੀਂ ਕਰਦਾ ਕਿ ਤੁਸੀਂ ਕੀ ਕੀਤਾ, "ਹੁਣ ਵੀ, ਪ੍ਰਭੂ…" । ਉਹ ਉਡੀਕ ਰਿਹਾ ਹੈ ਕਿ ਤੁਸੀਂ ਉਸ ਨੂੰ ਪੁਕਾਰੋ । ਉਹ…"ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?" ਹਾਂ, ਸ਼੍ਰੀਮਾਨ । ਹੁਣ ਵੀ, ਤੁਸੀਂ ਉਸ ਤੋਂ ਜੋ ਵੀ ਮੰਗੋ…

129 "ਤੁਸੀਂ ਉਸ ਨੂੰ ਕਿੱਥੇ ਰੱਖਿਆ ਹੈ?" ਹੁਣ, ਉਹ ਕਬਰ ਵਲ ਜਾਂਦਾ ਹੈ । ਉਹ ਇੱਕ ਸੰਪੂਰਣ ਮਨੁੱਖ ਸੀ ਇਸ ਲਈ ਰੋ ਸਕਦਾ ਸੀ; ਉਹ ਸੰਪੂਰਣ ਪਰਮੇਸ਼ੁਰ ਵੀ ਸੀ ਜੋ ਮੁਰਦੇ ਨੂੰ ਜੁਆਲ ਸਕਦਾ ਸੀ ।

130 ਕੁਝ ਸਮਾਂ ਪਹਿਲਾਂ ਇਥੇ ਇੱਕ ਔਰਤ ਸੀ ਜਿਹੜੀ ਇੱਕ ਖਾਸ ਸਮੂਹ ਨਾਲ ਸੰਬੰਧ ਰਖਦੀ ਸੀ…ਮੈਂ ਕਦੇ ਵੀ ਇਸ ਨੂੰ ਇੱਕ ਆਦਤ ਨਹੀਂ ਬਣਾਇਆ ਕਿ ਸੰਸਥਾਵਾਂ ਬਾਰੇ ਦੱਸਾਂ । ਪਰ ਇਹ ਔਰਤ…ਉਹ ਇਹ ਵਿਸ਼ਵਾਸ ਨਹੀਂ ਕਰਦੇ ਕਿ ਯਿਸੂ ਪਰਮੇਸ਼ੁਰ ਤੋਂ ਸੀ । ਉਹ ਕਹਿੰਦੇ ਹਨ ਕਿ ਉਹ ਤਾਂ ਬੱਸ ਇੱਕ ਨਬੀ ਸੀ । ਹੁਣ, ਉਹ ਸੀ…ਜੇਕਰ ਉਹ ਸਿਰਫ ਇੱਕ ਨਬੀ ਸੀ ਤਾਂ ਅਸੀਂ ਸਾਰੇ ਪਾਪ ਵਿੱਚ ਹਾਂ । ਉਹ ਜਾਂ ਤਾਂ ਪਰਮੇਸ਼ੁਰ ਸੀ, ਪਰਮੇਸ਼ੁਰ ਤੋਂ ਜਰਾ ਵੀ ਘੱਟ ਨਹੀਂ ਸੀ ਜਾਂ ਇਸ ਜਗਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਭਰਮਾਉਣ ਵਾਲਾ ਸੀ । ਇਹ ਠੀਕ ਹੈ । ਉਹ ਇੱਕ ਮਨੁੱਖ ਤੋਂ ਵੱਧਕੇ ਸੀ । ਉਸ ਔਰਤ ਨੇ ਕਿਹਾ, "ਉਹ ਪਰਮੇਸ਼ੁਰ ਤੋਂ ਨਹੀਂ ਸੀ" ।

131 ਅੱਜ ਇਸ ਸਮਾਜਿਕ ਸੁਸਮਾਚਾਰ ਵਿੱਚ ਇਸ ਤਰਾਂ ਦਾ ਬਹੁੱਤ ਕੁਝ ਹੈ; ਜੋ ਯਿਸੂ ਮਸੀਹ ਨੂੰ ਇੱਕ ਨਬੀ ਬਣਾਉਣ ਦੀ ਕੋਸ਼ਿਸ ਕਰਦੇ ਹਨ । ਕਿਓਂ, ਉਹ ਨਬੀਆਂ ਦਾ ਪਰਮੇਸ਼ੁਰ ਸੀ । ਯਕੀਨਨ ਉਹ ਸੀ ।

132 ਉਸਨੇ ਕਿਹਾ, "ਮੈਂ ਤੁਹਾਨੂੰ ਇਹ ਬਾਈਬਲ ਦੁਆਰਾ ਪ੍ਰਮਾਣਿਤ ਕਰ ਕਦੇ ਦੱਸਾਂਗੀ, 'ਉਹ ਸਿਰਫ ਇੱਕ ਮਨੁੱਖ ਸੀ'" ।

133 ਮੈਂ ਕਿਹਾ, "ਤੁਸੀਂ ਇਸ ਨੂੰ ਕਰੋ" ।

134 ਅਤੇ ਉਹਨੇ ਕਿਹਾ, "ਜਦੋਂ ਉਹ ਲਾਜਰ ਦੀ ਕਬਰ ਤੇ ਗਿਆ, ਬਾਈਬਲ ਕਹਿੰਦੀ ਹੈ, 'ਉਹ ਰੋਇਆ' । ਉਹ ਮਰਨਹਾਰ ਸੀ ਜਾਂ ਤਾਂ ਉਹ ਰੋ ਨਹੀਂ ਸਕਦਾ ਸੀ" ।

135 ਮੈਂ ਕਿਹਾ, "ਔਰਤ, ਕੀ ਇਹ ਤੇਰਾ ਵਚਨ ਹੈ?" ਮੇਰਾ ਇਹ ਕਹਿਣ ਦਾ ਮਤਲਬ ਧਰਮ ਵਿਰੋਧੀ ਹੋਣਾ ਨਹੀਂ ਹੈ ਪਰ ਮੈਂ ਤੁਹਾਨੂੰ ਦੱਸਾਂਗਾ ਕਿ ਮੈਂ ਉਸ ਨੂੰ ਕੀ ਕਿਹਾ।

136 ਉਸਨੇ ਕਿਹਾ, "ਬੱਸ ਇਹੀ ਗੱਲ ਹੈ"।

137 ਮੈਂ ਕਿਹਾ, "ਇਹ ਬਿਆਨ ਉਸ ਤਰੀ ਨਾਲੋਂ ਵੀ ਹਲਕਾ ਹੈ ਜਿਹੜਾ ਭੁੱਖ ਨਾਲ ਮਰੇ ਹੋਏ ਮੁਰਗੇ ਦੀ ਬਣੀ ਹੋਵੇ"। ਮੈਂ ਕਿਹਾ, "ਖੈਰ, ਤੇਰੇ ਕੋਲ ਇਸ ਗਲ ਤੇ ਖੜੀ ਰਹਿਣ ਲਈ ਇੱਕ ਵੀ ਚੀਜ ਨਹੀਂ ਹੈ"।

138 ਉਸਨੇ ਕਿਹਾ, "ਉਹ ਕਿਓਂ ਰੋਇਆ। ਇਹ ਵਿਖਾਉਂਦਾ ਹੈ ਕਿ ਉਹ ਮਰਨਹਾਰ ਸੀ"।

139 ਮੈਂ ਕਿਹਾ, "ਉਹ ਮਰਨਹਾਰ ਅਤੇ ਅਵਿਨਾਸ਼ੀ ਦੋਵੇਂ ਸੀ। ਉਹ ਮਨੁੱਖੀ ਦੇਹ ਪਰਮੇਸ਼ੁਰ ਸੀ"।

140 ਉਸਨੇ ਕਿਹਾ, "ਔਹ, ਬਕਵਾਸ"।

141 ਮੈਂ ਕਿਹਾ, "ਉਹ ਕਬਰ ਵਲ ਰੋਂਦਾ ਹੋਇਆ ਗਿਆ। ਇਹ ਬਹੁੱਤ ਹੀ ਸੱਚ ਹੈ ਪਰ ਜਦੋਂ ਉਸ ਨੇ ਆਪਣੇ ਆਪ ਨੂੰ ਸਿੱਧਾ ਕੀਤਾ..." ਬਾਈਬਲ ਨੇ ਕਿਹਾ, "ਉਸਦੇ ਵਲ ਵੇਖਣ ਨੂੰ ਕੋਈ ਖਾਸ ਗੱਲ ਨਹੀਂ ਸੀ; ਕੋਈ ਸੁੱਹਪਣ ਨਹੀਂ ਕਿ ਅਸੀਂ ਉਸ ਨੂੰ ਪਸੰਦ ਕਰੀਏ"। ਪਰ ਜਦੋਂ ਉਸ ਨੇ ਆਪਣੇ ਛੋਟੇ ਛੋਟੇ ਮੋਢਿਆਂ ਨੂੰ ਪਿਛਾਂਹ ਕੀਤਾ ਅਤੇ ਕਿਹਾ, "ਲਾਜਰ, ਬਾਹਰ ਆ," ਅਤੇ ਇੱਕ ਮਨੁੱਖ ਜੋ ਚਾਰ ਦਿਨਾਂ ਤੋਂ ਮਰਿਆ ਹੋਇਆ ਸੀ ਅਤੇ ਕਬਰ ਵਿੱਚ ਸੜ੍ਹ-ਗਲ ਗਿਆ ਸੀ, ਉਹ ਬਾਹਰ ਆ ਗਿਆ। ਉਹ ਇੱਕ ਮਨੁੱਖ ਤੋਂ ਵੱਧ ਕੇ ਸੀ। ਮੈਨੂੰ ਉਹ ਮਨੁੱਖ ਵਿਖਾਓ ਜੋ ਇਹ ਕਰ ਸਕਦਾ ਹੈ। ਇਹ ਕੀ ਸੀ? ਸੜ੍ਹਨ ਉਸਦੇ ਮਾਲਕ ਨੂੰ ਜਾਣਦੀ ਸੀ। ਜੀਵਨ ਆਪਣੇ ਰਚਨਹਾਰੇ ਨੂੰ ਜਾਣਦਾ ਸੀ। ਕੁਝ ਤਾਂ ਹੋਣਾ ਹੀ ਸੀ। ਉਹ ਬੋਲਿਆ ਅਤੇ ਇੱਕ ਮਨੁੱਖ ਜੋ ਕਬਰ ਵਿੱਚ ਚਾਰ ਦਿਨਾਂ ਤੋਂ ਮਰਿਆ ਪਿਆ ਸੀ, ਫਿਰ ਤੋਂ ਜੀ ਉੱਠਿਆ ਅਤੇ ਆਪਣੇ ਪੈਰਾਂ ਤੇ ਖਲੋ ਗਿਆ ਅਤੇ ਜਿਉਂਦਾ ਹੋ ਗਿਆ। ਹਲਲੂਯਾਹ! ਇਹ ਪਰਮੇਸ਼ੁਰ ਆਪਣੇ ਪੁੱਤ੍ਰ ਵਿੱਚ ਸੀ। ਹਾਂ, ਸ਼੍ਰੀ ਮਾਨ। ਉਹ ਪਰਮੇਸ਼ੁਰ ਸੀ ਜੋ ਆਪਣੇ ਪੁੱਤ੍ਰ ਵਿਚੋਂ ਹੋ ਕੇ ਆਪਣੇ ਆਪ ਨੂੰ ਜਾਣੂ ਕਰਾ ਰਿਹਾ ਸੀ। ਉਹ ਇੱਕ ਮਨੁੱਖ ਨਹੀਂ ਪਰਮ ਪਰਮੇਸ਼ੁਰ ਬੋਲ ਰਿਹਾ ਸੀ।

142 ਉਹ ਇੱਕ ਮਨੁੱਖ ਸੀ ਜੱਦ ਉਸ ਦਿਨ ਉਸਨੇ ਇੱਕ ਰੁੱਖ ਦੇ ਉੱਤੇ ਕੁਝ ਖਾਣ ਨੂੰ ਲੱਭਿਆ। ਉਹ ਇੱਕ ਮਨੁੱਖ ਸੀ। ਪਰ ਜੱਦ ਉਸਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਨਾਲ ਪੰਜ ਹਜਾਰ ਨੂੰ ਖੁਆਇਆ, ਤੱਦ ਉਹ ਇੱਕ ਮਨੁੱਖ ਨਾਲੋਂ ਵੱਧਕੇ ਸੀ। ਉਹ ਪਰਮੇਸ਼ੁਰ ਸੀ ਜੋ ਉਹਨਾਂ ਨੂੰ ਉਥੇ ਖੁਆ ਰਿਹਾ ਸੀ। ਉਹ ਇੱਕ ਨਬੀ ਤੋਂ ਵੱਧਕੇ ਸੀ, ਇੱਕ ਮਨੁੱਖ ਤੋਂ ਵੱਧਕੇ ਸੀ, ਉਹ ਇੱਕ ਪਰਮੇਸੁਰ-ਮਨੁੱਖ ਸੀ। ਯਕੀਨਨ।

143 ਉਹ ਉਸ ਰਾਤ ਉਸ ਛੋਟੀ ਜਿਹੀ ਬੇੜੀ ਦੇ ਪਿਛਲੇ ਪਾਸੇ ਸੁੱਤਾ ਹੋਇਆ ਸੀ ਅਤੇ ਸਮੁੰਦਰ ਦਹਾੜ ਰਿਹਾ ਸੀ ਅਤੇ ਇਸ ਤਰਾਂ ਉੱਛਲ ਰਿਹਾ ਸੀ ਜਿਵੇਂ ਬੋਤਲ ਦੀ ਡਾਟ ਹੁੰਦੀ ਹੈ, ਜਦੋਂ ਸਮੁੰਦਰ ਦੇ ਦੱਸ ਹਜਾਰ ਸ਼ਤਾਨਾਂ ਨੇ ਇਹ ਸਹੁੰ ਚੁੱਕੀ ਕਿ ਉਹ ਉਸ ਰਾਤ ਉਸ ਨੂੰ ਡੋਬ ਦੇਣਗੇ। ਉਹ ਇੱਕ ਮਨੁੱਖ ਸੀ ਅਤੇ ਬਿਮਾਰਾਂ ਲਈ ਪ੍ਰਾਰਥਨਾ ਕਰਕੇ ਕਮਜੋਰ ਅਤੇ ਥੱਕਿਆ ਹੋਇਆ ਸੀ, ਉਥੇ ਪਿੱਛੇ ਸੁੱਤਾ ਹੋਇਆ ਸੀ; ਅਤੇ ਹਵਾ ਨੇ ਉਸ ਨੂੰ ਜਰਾ ਵੀ ਪਰੇਸ਼ਾਨ ਨਹੀਂ ਕੀਤਾ। ਜੱਦ ਉਹ ਸੁੱਤਾ ਹੋਇਆ ਸੀ ਤੱਦ ਉਹ ਇੱਕ ਮਨੁੱਖ ਸੀ ਪਰ ਜਦੋਂ ਉਹ ਜਾਗਿਆ, ਆਪਣਾ ਪੈਰ ਬੇੜੀ ਦੀ ਰੱਸੀ ਉੱਤੇ ਰੱਖਿਆ, ਉਸ ਨੇ ਉੱਪਰ ਵੇਖਿਆ ਅਤੇ ਕਿਹਾ, "ਸ਼ਾਂਤ, ਥਮ

ਜਾ," ਅਤੇ ਹਵਾਂਵਾਂ ਅਤੇ ਲਹਿਰਾਂ ਨੇ ਉਸਦੀ ਮੰਨੀ, ਉਹ ਇੱਕ ਮਨੁੱਖ ਤੋਂ ਵੱਧ ਕੇ ਸੀ। ਉਹ ਪਰਮੇਸ਼ੁਰ ਮਨੁੱਖ ਵਿੱਚ ਸੀ, ਆਪਣੇ ਆਪ ਨੂੰ ਜਾਣੂ ਕਰਾ ਰਿਹਾ ਸੀ। ਇਹ ਠੀਕ ਹੈ।

144 ਉਹ ਇੱਕ ਮਨੁੱਖ ਸੀ ਜੱਦ ਉਸਨੇ ਸਲੀਬ ਉੱਤੇ ਰਹਿਮ ਲਈ ਪੁਕਾਰਿਆ। ਜੱਦ ਉਸਨੇ ਪੁਕਾਰਿਆ ਅਤੇ ਕਿਹਾ, "ਮੈਂ ਪਿਆਸਾ ਹਾਂ," ਉਹ ਇੱਕ ਮਨੁੱਖ ਸੀ। ਜਦ ਉਹ ਮਰ ਗਿਆ, ਉਹ ਇੱਕ ਮਨੁੱਖ ਸੀ ਪਰ ਈਸਟਰ ਦੇ ਸਵੇਰ ਜੱਦ ਉਸਨੇ ਮੌਤ, ਨਰਕ ਅਤੇ ਕਬਰ ਦੀਆਂ ਮੋਹਰਾਂ ਨੂੰ ਤੋੜਿਆ ਅਤੇ ਫਿਰ ਤੋਂ ਜੀ ਉੱਠਿਆ। ਉਹ ਇੱਕ ਮਨੁੱਖ ਤੋਂ ਵੀ ਵੱਧ ਕੇ ਸੀ: ਇਹ ਪਰਮੇਸ਼ੁਰ ਸੀ ਜੋ ਪ੍ਰਗਟ ਕੀਤਾ ਗਿਆ ਸੀ। ਕੋਈ ਹੈਰਾਨੀ ਨਹੀਂ ਕਿ ਇੱਕ ਕਵੀ ਨੇ ਕਿਹਾ:

> ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
> ਦਫਨਾਏ ਜਾਣ ਤੇ, ਉਹ ਮੇਰੇ ਪਾਪ ਦੂਰ ਲੈ ਗਿਆ;
> ਜੀ ਉੱਠਦੇ ਹੋਏ, ਉਸਨੇ ਮੈਨੂੰ ਹਮੇਸ਼ਾ ਦੇ ਲਈ ਧਰਮੀ ਠਹਿਰਾ ਕੇ ਅਜਾਦ ਕੀਤਾ:
> ਕਿਸੇ ਦਿਨ ਉਹ ਆ ਰਿਹਾ ਹੈ—ਔਹ, ਸ਼ਾਨਦਰ ਦਿਨ!

145 ਉਸਨੇ ਕਿਹਾ, "ਕਿਓਂਕਿ ਮੈਂ ਜਿਉਂਦਾ ਹਾਂ, ਤੁਸੀਂ ਵੀ ਜਿਉਗੇ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?" ਉਹ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਮੈਂ ਵਿਸ਼ਵਾਸ ਕਰਦਾ ਹਾਂ ਕਿ ਪਵਿੱਤਰ ਆਤਮਾ ਹੁਣ ਇਥੇ ਹੈ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਸਾਨੂੰ ਆਪਣੀ ਹਜੂਰੀ ਨਾਲ ਭਰ ਦੇਵੇਗਾ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਮੈਂ ਵਿਸ਼ਵਾਸ ਕਰਦਾ ਹਾਂ ਕਿ ਪਵਿੱਤਰ ਆਤਮਾ ਆਪਣੀ ਹਜੂਰੀ ਨੂੰ ਡੋਲ੍ਹਣਾ ਚਾਹੁੰਦਾ ਹੈ, ਬਿਮਾਰਾਂ ਨੂੰ ਚੰਗਾ ਕਰਨਾ, ਉਨ੍ਹਾਂ ਸਾਰੇ ਲੋਕਾਂ ਨੂੰ ਭਰਨਾ ਚਾਹੁੰਦਾ ਹੈ ਜਿਨ੍ਹਾਂ ਨੂੰ ਪਵਿੱਤਰ ਆਤਮਾ ਨਹੀਂ ਮਿਲਿਆ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ? ਆਓ ਆਪਣੇ ਪੈਰਾਂ ਤੇ ਖੜੇ ਹੋਈਏ ਅਤੇ ਉਸ ਨੂੰ ਵਡਿਆਈ ਦਈਏ। ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਹੁਣੇ ਹੀ ਸਾਡੇ ਉੱਤੇ ਉੱਤਰ ਆਵੇਗਾ।

146 ਹੇ ਪ੍ਰਭੂ ਪਰਮੇਸ਼ੁਰ, ਧਰਤੀ ਅਤੇ ਅਕਾਸ਼ ਦੇ ਸਿਰਜਣਹਾਰ, ਅਨੰਤ ਜੀਵਨ ਦੇ ਲੇਖਕ, ਹਰੇਕ ਚੰਗੀ ਦਾਤ ਨੂੰ ਦੇਣ ਵਾਲੇ, ਅਸੀਂ "ਇਹ ਵਿਸ਼ਵਾਸ ਕਰਦੇ ਹਾਂ," ਪ੍ਰਭੂ। ਅਸੀਂ ਵਿਸ਼ਵਾਸ ਹਾਂ ਕਿ ਇਸ ਸਭਾ ਵਿੱਚ ਇਹ ਤੂੰ ਹੈਂ। ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਉਹ ਤੂੰ ਹੈਂ ਜੋ ਸਾਡੀਆਂ ਰੂਹਾਂ ਨੂੰ ਬਰਕਤ ਦੇ ਰਿਹਾ ਹੈਂ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਤੂੰ ਹੈਂ ਜੋ ਆਪਣੀ ਆਤਮਾ ਨੂੰ ਸਾਡੇ ਉੱਤੇ ਡੋਲ੍ਹ ਰਿਹਾ ਹੈਂ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਤੂੰ ਕਲ੍ਹ ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈਂ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਤੁਸੀਂ ਸਦਾ ਜਿਉਂਦੇ ਹੋ ਅਤੇ ਸਾਡੇ ਨਾਮ ਲੇਲੇ ਦੀ ਜੀਵਨ ਦੀ ਕਿਤਾਬ ਵਿੱਚ ਲਿਖੇ ਹੋਏ ਹਨ। ਸਾਰੇ ਆਕਾਸ਼ ਅਤੇ ਧਰਤੀ ਟੱਲ ਜਾਣਗੇ ਪਰ ਅਸੀਂ ਹਮੇਸ਼ਾ ਜਿਉਂਦੇ ਰਹਾਂਗੇ, ਕਿਓਂਕਿ ਤੂੰ ਸਦਾ ਜਿਉਂਦਾ ਹੈਂ। ਪ੍ਰਭੂ, ਤੂੰ ਸਾਡੇ ਨਾਲ ਇਹ ਵਾਅਦਾ ਕੀਤਾ ਹੈ। ਅਸੀਂ ਆਪਣੇ ਪੂਰੇ ਦਿਲ ਨਾਲ ਇਹ ਵਿਸ਼ਵਾਸ ਕਰਦੇ ਹਾਂ। ਜੋ ਕੁਝ ਵੀ ਸਾਡੇ ਵਿਚ ਹੈ, ਅਸੀਂ ਇਹ ਵਿਸ਼ਵਾਸ ਕਰਦੇ ਹਾਂ, ਪ੍ਰਭੂ। ਮੈਂ ਉਸ ਨੂੰ ਪ੍ਰੇਮ ਕਰਦਾ ਹਾਂ, ਮੈਂ ਉਸ ਨੂੰ ਪ੍ਰੇਮ ਕਰਦਾ ਹਾਂ।

147 ਕੀ ਤੁਸੀਂ ਓਸ ਤੇ ਵਿਸ਼ਵਾਸ ਕਰਦੇ ਹੋ? ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਪਵਿੱਤਰ ਆਤਮਾ ਹੈ । ਇਥੇ ਕੁਝ ਹੈ ਜੋ ਸਾਡੇ ਉੱਪਰ ਉੱਤਰ ਰਿਹਾ ਹੈ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਹਰੇਕ ਮਨੁੱਖ ਨੂੰ ਹੁਣੇ ਹੀ ਚੰਗਾ ਕਰਨਾ ਚਾਹੁੰਦਾ ਹੈ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਆਪਣੇ ਹੱਥ ਉਹਦੇ ਲਈ ਉੱਪਰ ਚੁੱਕੋ । ਆਪਣੇ ਪੈਰਾਂ ਤੇ ਖਲੋ ਜਾਓ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਪਵਿੱਤਰ ਆਤਮਾ ਇਥੇ ਹੈ । ਇਹ ਉਹੀ ਹੈ! ਪਤਰਸ ਨੇ ਕਿਹਾ, "ਇਹ ਉਹੀ ਹੈ" । ਇਹ ਉਹੀ ਪਵਿੱਤਰ ਆਤਮਾ ਹੈ ।

148 ਹੇ ਪ੍ਰਭੂ, ਧਰਤੀ ਅਤੇ ਆਕਾਸ਼ ਦੇ ਸਿਰਜਣਹਾਰ, ਆਪਣੀ ਸਮਰਥ ਨੂੰ ਭੇਜ, ਅਤੇ ਆਪਣੀ ਬਰਕਤ ਨੂੰ ਅਤੇ ਆਪਣੀ ਭਲਾਈ ਨੂੰ ਇਨ੍ਹਾਂ ਲੋਕਾਂ ਤੇ ਭੇਜ ਅਤੇ ਉਨ੍ਹਾਂ ਦੇ ਦਿਲਾਂ ਨੂੰ ਬਰਕਤ ਦੇ, ਅਤੇ ਹੋਣ ਦੇ ਕਿ ਉਹ ਵੇਖ ਸਕਣ ਕਿ ਮਨੁੱਖ ਦਾ ਪੁੱਤ੍ਰ ਸਦਾ ਲਈ ਜਿਉਂਦਾ ਹੈ । ਇਹ ਬਖ਼ਸ ਦੇ, ਹੇ ਪਰਮੇਸ਼ੁਰ । ਅਸੀਂ ਉਹਨਾਂ ਨੂੰ ਤੇਰੇ ਅੱਗੇ ਰਖਦੇ ਹਾਂ, ਯਿਸੂ ਮਸੀਹ, ਮਨੁੱਖ ਦੇ ਪੁੱਤ੍ਰ ਦੇ ਨਾਮ ਵਿੱਚ ।

149 ਕਿਸੇ ਦੇ ਕੋਲ ਪਵਿੱਤਰ ਆਤਮਾ ਨਹੀਂ ਹੈ ਤਾਂ ਆਪਣੇ ਹੱਥ ਖੜੇ ਕਰੋ ਅਤੇ ਪਰਮੇਸ਼ੁਰ ਦੀ ਉਸਤਤ ਕਰੋ । ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਤੁਹਾਡੇ ਉੱਤੇ ਉੱਤਰ ਆਵੇਗਾ । ਕੋਈ ਉਨ੍ਹਾਂ ਦੇ ਉੱਤੇ ਆਪਣੇ ਹੱਥ ਰਖੇ । ਇਹੀ ਘੜੀ ਹੈ । ਅਸੀਂ ਹੋਰ ਉਡੀਕ ਕਿਓਂ ਕਰੀਏ? ਇਹ ਹੀ ਸਮਾਂ ਹੈ । ਪੰਤੇਕੁਸਤ ਦੇ ਲਈ, ਪਰਮੇਸ਼ੁਰ ਕੋਲ ਵਾਪਸ ਜਾਣ ਦਾ ਇਹੀ ਸਮਾਂ ਹੈ । ਪਰਮੇਸ਼ੁਰ ਨਾਲ ਸਹੀ ਹੋ ਜਾਓ, ਪੰਤੇਕੁਸਤ! ਆਪਣੇ ਦਿਲ ਨੂੰ ਜਿਉਂਦੇ ਪਰਮੇਸ਼ੁਰ ਦੀ ਸਮਰਥ ਨਾਲ ਉਤੇਜਿਤ ਕਰ ਲਓ । ਉਸ ਦੀ ਆਤਮਾ ਨੂੰ ਤੁਹਾਡੇ ਵਿੱਚ ਆ ਕੇ ਤੁਹਾਡੀ ਰੂਹ ਨੂੰ ਤ੍ਰਿਪਤ ਕਰਣ ਦਿਓ । ਉਹ ਰਾਤ ਬਰ ਰਾਤ ਇਥੇ ਹੈ, ਉਹ ਇਥੇ ਬੀਮਾਰਾਂ ਨੂੰ ਚੰਗਾ ਕਰਨ ਲਈ ਹੈ, ਅੰਨ੍ਹਿਆਂ ਨੂੰ ਅੱਖਾਂ ਦੇਣ ਲਈ ਹੈ, ਮਹਾਨ ਅਤੇ ਸ਼ਕਤੀਸ਼ਾਲੀ ਸਮਰਥ ਦੁਆਰਾ ਉਹ ਆਪਣੇ ਆਪ ਨੂੰ ਹਮੇਸ਼ਾ ਇੱਕੋ ਜਿਹਾ ਪ੍ਰਮਾਣਿਤ ਕਰਦਾ ਹੈ । ਹਲਲੂਯਾਹ!

150 ਉਹਦੀ ਵਡਿਆਈ ਕਰੋ । ਆਪਣੇ ਹੱਥ ਉੱਪਰ ਚੁੱਕੋ । ਭੁੱਲ ਜਾਓ ਕਿ ਤੁਸੀਂ ਕਿੱਥੇ ਹੋ; ਬੱਸ ਇਹ ਜਾਣੋ ਕਿ ਤੁਸੀਂ ਉਹਦੇ ਨੇੜੇ ਹੋ ਅਤੇ ਉਹਦੀ ਭਲਾਈ, ਅਤੇ ਉਸਦੀ ਮਹਿਮਾ ਅਤੇ ਉਸਦੀ ਸਮਰਥ ਅਤੇ ਉਹਦੀ ਦਯਾ ਹਮੇਸ਼ਾ ਲਈ ਹੈ । ਉਹ ਸਦਾ ਇੱਕੋ ਜਿਹਾ ਹੈ । ਪ੍ਰਭੂ ਦਾ ਨਾਮ ਮੁਬਾਰਕ ਹੋਵੇ । ਹਲਲੂਯਾਹ! ਔਹ, ਉਹਦੇ ਪਵਿੱਤਰ ਨਾਮ ਦੀ ਵੱਡਿਆਈ ਕਰੋ ।

151 ਔਹ, ਉਹ ਕਿੰਨਾ ਅਦਭੁਤ ਹੈ, ਕਿੰਨਾ ਸਮਰਥੀ ਹੈ । ਕਿੰਨੇ ਆਪਣੇ ਜੀਵਨਾਂ ਨੂੰ ਹੁਣੇ ਹੀ ਪਰਮੇਸ਼ੁਰ ਨੂੰ ਨਵੇਂ ਸਿਰਿਓਂ ਸਮਰਪਿਤ ਕਰਨਾ ਚਾਹੁੰਦੇ ਹਨ? ਆਪਣੇ ਹੱਥ ਉੱਪਰ ਕਰੋ । ਕਿੰਨੇ ਆਪਣੇ ਜੀਵਨਾਂ ਨੂੰ ਪਰਮੇਸ਼ੁਰ ਨੂੰ ਸਮਰਪਿਤ ਕਰਨਾ ਚਾਹੁੰਦੇ ਹਨ? ਇਹ ਹੀ ਹਨ । ਆਪਣੇ ਹੱਥ ਉਪਰ ਕਰੋ । ਚਲੋ ਅਸੀਂ ਪੰਤੇਕੁਸਤ ਨੂੰ ਵੇਖੀਏ । ਆਓ ਅਸੀਂ ਪਰਮੇਸ਼ੁਰ ਦੇ ਲੋਕਾਂ ਨੂੰ ਵੇਖੀਏ । ਮੈਂ ਆਪਣੇ ਹੱਥ ਨੂੰ ਉੱਪਰ ਕਰਾਂਗਾ । "ਪ੍ਰਭੂ, ਮੈਂ ਇਥੇ ਹਾਂ । ਮੈਨੂੰ ਭੇਜ" । ਫੇਰ ਇੱਕ ਦੂਤ ਨੂੰ ਵੇਦੀ ਦੇ ਕੋਲਿਆਂ ਨਾਲ ਭੇਜ ਅਤੇ ਸਾਡੇ ਉੱਤੇ ਆਪਣੀ ਸਮਰਥ ਨੂੰ ਭੇਜ, ਪ੍ਰਭੂ । ਪਰਮੇਸ਼ੁਰ, ਆਪਣੀ ਆਤਮਾ ਦੀ ਭਰਪੂਰੀ ਵਿੱਚ ਇਹ ਬਖਸ ਦੇ, ਹੇ ਪਿਤਾ । ਹੇ ਪਰਮੇਸ਼ੁਰ, ਸਾਡੀ ਪ੍ਰਾਰਥਨਾ ਸੁਣ । ਜਿਵੇਂ ਵਿਸ਼ਵਾਸੀ ਬੱਚੇ ਖੜੇ ਹਨ, ਸਾਡੀ ਪ੍ਰਾਰਥਨਾ ਸੁਣ । ਉਹਦੇ ਨਾਮ ਦੀ ਵਡਿਆਈ ਹੋਵੇ ।

152 ਔਹ, ਜਿਵੇਂ ਮਹਿਮਾ ਦੀਆਂ ਲਹਿਰਾਂ ਉੱਤਰ ਰਹੀਆਂ ਹਨ, ਔਹ, ਦਯਾ ਦੀਆਂ ਤ੍ਰੇਲ ਦੀਆਂ ਬੂੰਦਾਂ । ਪਰਮੇਸ਼ੁਰ ਦੀ ਵਡਿਆਈ ਹੋਵੇ । ਕਾਸ਼ ਸਾਡੀਆਂ ਰੂਹਾਂ ਉਡੀਕ ਕਰਨ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਇਹ ਪਵਿੱਤਰ

ਆਤਮਾ ਹੈ ਜੋ ਆਉਂਦਾ ਹੈ। ਇਹ ਉਹ ਅਦ੍ਰਿਸ਼ ਸ਼ਕਤੀ ਹੈ ਜੋ ਸਾਨੂੰ ਪਰਮੇਸ਼ੁਰ ਦੇ ਰਾਜ ਵਿੱਚ, ਪੰਤੇਕੁਸਤ ਦੀਆਂ ਬਰਕਤਾਂ ਵਿੱਚ ਲੈ ਕੇ ਜਾਂਦੀ ਹੈ। ਘਰ ਮੁੜ੍ਹ ਆਓ। ਤੁਹਾਡੇ ਘਰ ਮੁੜ੍ਹਨ ਦਾ ਇੰਤਜ਼ਾਰ ਹੈ। ਤੁਸੀਂ ਬੱਹੁਮੁੱਲੇ ਲੋਕ ਹੋ। ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਆਪਣੇ ਆਪ ਨੂੰ ਸਮਰਪਿਤ ਕਰੋ। ਔਰਤੋ, ਆਪਣੇ ਆਪ ਨੂੰ ਸਾਫ਼ ਕਰ ਲਓ। ਪੁਰਸ਼ੋ, ਆਪਣੇ ਆਪ ਨੂੰ ਸਾਫ਼ ਕਰ ਲਓ। ਆਓ ਅਸੀਂ ਮੁੜ੍ਹ ਪਰਮੇਸ਼ੁਰ ਵਲ ਜਾਣ ਦੀ ਸ਼ੁਰੂਆਤ ਕਰੀਏ ਅਤੇ ਇੱਕ ਅਸਲੀ ਸਾਫ਼ ਦਿਲ ਨਾਲ ਉਸਦੀ ਸੇਵਾ ਕਰੀਏ।

153 ਪਰਮੇਸ਼ੁਰ ਦੀ ਮਹਿਮਾ ਹੋਵੇ, ਪਵਿੱਤਰ ਆਤਮਾ ਸਭਾ ਵਿੱਚ ਹੈ। ਬੱਸ ਉਹੀ ਕਰੋ ਜੋ ਕਰਨ ਲਈ ਤੁਸੀਂ ਅਗੁਆਈ ਮਹਿਸੂਸ ਕਰਦੇ ਹੋ। ਬੱਸ ਪਵਿੱਤਰ ਆਤਮਾ ਨੂੰ ਆਪਣੇ ਉੱਪਰ ਮੰਡਰਾਉਣ ਦਿਓ। ਹੁਣ ਕੁਝ ਵੀ ਨਹੀਂ ਜੋ ਮੈਂ ਕਹਿ ਸਕਦਾ ਹਾਂ। ਬੱਸ ਹੁਣ ਮੈਂ ਇਹ ਨਹੀਂ ਜਾਣਦਾ ਕਿ ਕੀ ਕਹਿਣਾ ਹੈ। ਪਵਿੱਤਰ ਆਤਮਾ ਸਾਰੇ ਭਵਨ ਵਿੱਚ ਹੈ। ਪ੍ਰਭੂ ਦਾ ਨਾਮ ਮੁਬਾਰਕ ਹੋਵੇ। ਪ੍ਰਭੂ ਦੀ ਵਡਿਆਈ ਹੋਵੇ। ਔਹ, ਹਲਲੂਯਾਹ! ਹਲਲੂਯਾਹ! ਪ੍ਰਭੂ ਦੀ ਵਡਿਆਈ ਹੋਵੇ। ਪ੍ਰਭੂ ਦੀ ਵਡਿਆਈ ਹੋਵੇ। ਕਿੰਨਾ ਅਦਭੁਤ, ਕਿੰਨਾ ਮਹਿਮਾਮਈ... ਪਰਮੇਸ਼ੁਰ ਦੇ ਸੰਤਾਂ ਦੀ ਵਡਿਆਈ ਤੁਹਾਡੇ ਚਿਹਰਿਆਂ ਉੱਤੇ ਕਿੰਨੀ ਸੁੰਦਰ, ਕਿੰਨੀ ਅਦਭੁਤ ਹੈ, ਜਿਨ੍ਹਾਂ ਉੱਤੇ ਪਵਿੱਤਰ ਆਤਮਾ ਦੀ ਹਜ਼ੂਰੀ ਮੰਡਰਾ ਰਹੀ ਹੈ ਅਤੇ ਇਸ ਵੱਡੀ ਭੀੜ ਤੋਂ ਜੋ ਇੱਕ ਮਨ ਹੈ ਅਤੇ ਉਸ ਦੇ ਨਾਮ ਦੀ ਵਡਿਆਈ ਕਰ ਰਹੀ ਹੈ ਸਾਨੂੰ ਉਹਦੀ ਮਹਿਮਾ ਵਿਖਾ ਰਹੀ ਹੈ।

154 ਆਪਣੇ ਨੇੜੇ ਤੇੜੇ ਘੁਮੌ ਅਤੇ ਕਿਸੇ ਨਾਲ ਹੱਥ ਮਿਲਾਓ, ਆਖੋ, "ਪ੍ਰਭੂ ਦੀ ਵਡਿਆਈ ਹੋਵੇ, ਭਾਈ। ਪਰਮੇਸ਼ੁਰ ਦੀ ਵਡਿਆਈ ਹੋਵੇ, ਭੈਣ"। ਆਓ ਅਸੀਂ ਇਹ ਕਰੀਏ ਅਤੇ ਪਰਮੇਸ਼ੁਰ ਨੂੰ ਸਾਨੂੰ ਹਿਲਾਉਣ ਦਿਓ। ਪ੍ਰਭੂ ਦੀ ਵਡਿਆਈ ਹੋਵੇ। ਇਹ ਠੀਕ ਹੈ। ਤੁਸੀਂ ਸਾਰੇ ਮੈਥੋਡਿਸਟ, ਬੈਪਟਿਸਟ, ਪ੍ਰੈਸਬਾਈਟੇਰੀਅਨ, ਪੈਂਟੀਕਾਸਟਲ ਅਤੇ ਸੈਵੇਂਥ ਡੇ ਅਡਵੈਨਟਿਸਟ ਅਤੇ ਜੋ ਕੁਝ ਵੀ ਤੁਸੀਂ ਹੋ, ਪ੍ਰਭੂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਇੱਕ ਦੂਏ ਨਾਲ ਹੱਥ ਮਿਲਾਓ। ਇਹ ਹੀ ਹੈ। ਔਹ, ਹਲਲੂਯਾਹ! ਹਲਲੂਯਾਹ! ਹਲਲੂਯਾਹ! ਔਹ, ਮੈਂ ਬਹੁਤ ਖੁਸ਼ ਹਾਂ ਕਿ ਮੈਂ ਉਨ੍ਹਾਂ ਵਿਚੋਂ ਇੱਕ ਹਾਂ। ਮੈਂ ਬਹੁਤ ਖੁਸ਼ ਹਾਂ। ਔਹ, ਕੰਧਾਂ ਨੂੰ ਫਾੜਦੇ ਹੋਏ, ਕੂੜੇ ਨੂੰ ਬਾਹਰ ਸੁੱਟਦੇ ਹੋਏ। ਮਹਿਮਾ! ਪ੍ਰਭੂ ਵਿੱਚ ਅਜ਼ਾਦੀ, ਉਹਦੇ ਪਵਿੱਤਰ ਨਾਮ ਦੀ ਵਡਿਆਈ ਕਰਦੇ ਹੋਏ...ਪ੍ਰਭੂ ਦਾ ਨਾਮ ਮੁਬਾਰਕ ਹੋਵੇ। ਔਹ, ਹਲਲੂਯਾਹ! ਪਰਮੇਸ਼ੁਰ ਦੀ ਵਡਿਆਈ ਹੋਵੇ।

155 ਔਹ, ਮੈਂ ਬੱਸ ਇਹ ਵੇਖਣਾ ਪਸੰਦ ਕਰਦਾ ਹਾਂ: ਲੋਕਾਂ ਨੂੰ ਇੱਕ ਦੂਸਰੇ ਨਾਲ ਹੱਥ ਮਿਲਾਉਂਦੇ ਵੇਖਣ ਅਤੇ ਉਨ੍ਹਾਂ ਦੇ ਚਿਹਰਿਆਂ ਤੇ ਖਿੜ੍ਹਦਾ ਪ੍ਰਕਾਸ਼। ਪਰਮੇਸ਼ੁਰ ਦੀ ਸਮਰਥ ਕਹਿ ਰਹੀ ਹੈ, "ਇਹ ਹੀ ਹੈ। ਇਹ ਹੀ ਹੈ, ਅਸੀਂ ਪਰਮੇਸ਼ੁਰ ਦੇ ਬੱਚੇ ਹਾਂ। ਅਸੀਂ ਸਾਰੇ ਇੱਕ ਵੱਡੀ ਕਲੀਸਿਯਾ ਹਾਂ, ਮਸੀਹ ਯਿਸੂ ਵਿੱਚ ਇੱਕ ਵੱਡਾ ਵਿਅਕਤੀ, ਉਸਦੀ ਇੱਕ ਮਹਿਮਾਮਈ ਲਾੜੀ। ਪ੍ਰਭੂ ਦੀ ਆਮਦ ਨੇੜੇ ਆ ਰਹੀ ਹੈ। ਉਹਦੇ ਲੋਕ ਇੱਕਠੇ ਹੋ ਰਹੇ ਹਨ ਅਤੇ ਆਪਣੇ ਆਪ ਨਾਲ ਪ੍ਰੇਮ ਕਰ ਰਹੇ ਹਨ...ਉਸਦੇ ਪ੍ਰੇਮ ਅਤੇ ਉਸਦੀ ਹਜ਼ੂਰੀ ਦੀ ਸਮਰਥ ਦੇ ਨਾਲ। ਔਹ, ਇਹ ਸਵਰਗ ਵਰਗਾ ਹੈ। ਔਹ, ਇਹ ਚੰਗਾ ਹੈ। ਆਮੀਨ। ਔਹ, ਕਿੰਨਾ ਮਹਿਮਾਮਈ, ਕਿੰਨਾ ਅਦਭੁਤ ਹੈ ਪ੍ਰਭੂ ਦੀ ਉਪਾਸਨਾ ਉਹਦੀ ਆਤਮਾ ਅਤੇ ਸ਼ਕਤੀ ਵਿੱਚ ਕਰਨਾ। ਅਜਿਹਾ ਸਮਾਂ ਹੈ। ਇਹ ਰੁੱਕਣਾ...ਸ਼ੁਰੂ।

156 ਇਥੇ ਬੱਸ ਨਹੀਂ...ਮੈਂ ਭਾਈਆਂ ਨੂੰ ਦੱਸਿਆ, "ਭਾਇਓ, ਇਥੇ ਰੁੱਕਣ ਲਈ ਕੋਈ ਜਗ੍ਹਾ ਨਹੀਂ ਹੈ"। ਇਥੇ ਕੋਈ ਜਗ੍ਹਾ ਨਹੀਂ ਜੋ...ਸਾਡੀ ਕਦੇ ਸ਼ੁਰੂਆਤ ਨਹੀ ਹੋਈ ਇਸ ਲਈ ਅਸੀਂ

ਕਦੇ ਨਹੀਂ ਰੁਕਾਂਗੇ। ਬੱਸ-ਬੱਸ ਅਦਭੁਤ…ਕਿੰਨੇ ਅਸਲ ਵਿੱਚ ਚੰਗਾ ਮਹਿਸੂਸ ਕਰ ਰਹੇ ਹਨ? ਸਿਰਫ ਪਰਮੇਸ਼ੁਰ ਦੀ ਹਜ਼ੂਰੀ। ਔਹ, ਮੇਰੇ, ਇਹ ਅਦਭੁਤ ਹੈ, ਪਰਮੇਸ਼ੁਰ ਦੀ ਹਜ਼ੂਰੀ ਇਥੇ ਹੈ।

157 ਹੁਣ, ਪਰਮੇਸ਼ੁਰ ਦੀ ਹਜ਼ੂਰੀ ਇਥੇ ਹੈ ਤਾਂਕਿ ਬੀਮਾਰਾਂ ਨੂੰ ਚੰਗਾ ਕਰੇ, ਲੋਕਾਂ ਨੂੰ ਚੰਗਾ ਕਰੇ। ਸਿਰਫ ਉਸ ਤੇ ਵਿਸ਼ਵਾਸ ਕਰੋ। ਕੀ ਤੁਸੀਂ ਉਸ ਤੇ ਵਿਸ਼ਵਾਸ ਕਰਦੇ ਹੋ? ਜੇਕਰ ਅਸੀਂ ਉਸ ਤੇ ਵਿਸ਼ਵਾਸ ਕਰ ਸਕੀਏ ਤਾਂ ਸਭ ਕੁਝ ਸੰਭਵ ਹੈ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਹ ਪਰਮੇਸ਼ੁਰ ਦੀ ਹਜ਼ੂਰੀ ਹੈ?

158 ਹੁਣ, ਜੱਦ ਤੁਸੀਂ…ਮੈਨੂੰ ਇੱਕ ਛਿਣ ਦਿਓ, ਬੱਸ ਹੁਣ ਇੱਕ ਛਿਣ, ਅਤੇ ਬੱਸ ਇੱਕ ਛਿਣ ਲਈ ਸੁਣੋ। ਮੈਨੂੰ ਤੁਹਾਡੇ ਲਈ ਇਹ ਸਾਬਤ ਕਰਨ ਦਿਓ ਕਿ ਉਹ ਜੋ ਇਥੇ ਹੈ ਉਹ ਪਵਿੱਤਰ ਆਤਮਾ ਹੈ। ਮੈਂ ਤੁਹਾਨੂੰ ਇਹ ਵਿਖਾਉਂਦਾ ਹਾਂ ਕਿ ਪਵਿੱਤਰ ਆਤਮਾ, ਉਹੀ ਜੋ ਬੋਲਦਾ ਹੈ, ਉਹੀ ਜੋ ਕੰਮ ਕਰਦਾ ਹੈ, ਇਹ ਜਾਣਦਾ ਹੈ। ਇਥੇ ਹੁਣ ਕਿੰਨੇ ਲੋਕ ਹਨ ਜੋ ਇਥੇ ਬੀਮਾਰ ਆਏ ਸਨ? ਆਓ ਤੁਹਾਡੇ ਹੱਥਾਂ ਨੂੰ ਵੇਖੀਏ। ਉਹ ਜਿਨ੍ਹਾਂ ਨੂੰ ਕੋਈ ਬਿਮਾਰੀ ਸੀ… ਉਥੇ ਲੋਕ ਹਨ…

159 ਉਥੇ ਇੱਕ ਆਦਮੀ ਖੜਾ ਹੈ। ਸ਼੍ਰੀਮਾਨ, ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਉਥੇ ਕੋਈ ਪ੍ਰਾਰਥਨਾ ਕਾਰਡ ਨਹੀਂ ਦਿੱਤਾ ਗਿਆ, ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਸਕਦਾ ਹੈ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਮੈਨੂੰ ਤੁਹਾਡੀ ਪਰੇਸ਼ਾਨੀ ਦੱਸ ਸਕਦਾ ਹੈ? ਇਹ ਤੁਹਾਡੀ ਵੱਖੀ ਵਿੱਚ ਹੈ। ਤੁਸੀਂ ਇੱਕ ਓਪਰੇਸ਼ਨ ਲਈ ਤਿਆਰ ਹੋ। ਇਹ ਠੀਕ ਹੈ। ਤੁਹਾਡਾ ਨਾਮ ਸ਼੍ਰੀ ਮਾਨ ਕਾਰਟਰਾਇਟ ਹੈ। ਇਹ ਸਹੀ ਹੈ। ਕੀ ਇਹ ਸਹੀ ਹੈ? ਆਪਣੇ ਹੱਥ ਨੂੰ ਲਹਿਰਾਓ। ਸਭ ਠੀਕ ਹੈ। ਘਰ ਜਾਓ ਅਤੇ ਚੰਗੇ ਰਹੋ, ਤੁਹਾਨੂੰ ਇਸਦੀ ਲੋੜ੍ਹ ਨਹੀਂ ਪਵੇਗੀ। ਤੁਸੀਂ ਇਹ ਵਿਸ਼ਵਾਸ ਕਰਦੇ ਹੋ?

160 ਉਹ ਆਦਮੀ ਜਿਸਨੇ ਆਪਣੇ ਬੱਚੇ ਨੂੰ ਆਪਣੀਆਂ ਬਾਹਾਂ ਵਿੱਚ ਚੁੱਕਿਆ ਹੋਇਆ ਹੈ, ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮੈਂ ਪਰਮੇਸ਼ੁਰ ਦਾ ਦਾਸ ਹਾਂ? ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ ਕਿ ਇਹ ਪਵਿੱਤਰ ਆਤਮਾ ਹੈ? ਮੈਂ ਤੁਹਾਨੂੰ ਨਹੀਂ ਜਾਣਦਾ, ਕੀ ਇਹ ਸਹੀ ਹੈ? ਤੁਹਾਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ; ਅਸੀਂ ਅਜਨਬੀ ਹਾਂ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਵਿੱਤਰ ਆਤਮਾ ਮੈਨੂੰ ਦੱਸ ਸਕਦਾ ਹੈ ਕਿ ਬੱਚੇ ਨਾਲ ਕੀ ਮਾਮਲਾ ਹੈ? ਉਸ ਨੂੰ ਇੱਕ ਧੱਫ਼ੜ ਪਿਆ ਹੋਇਆ ਹੈ। ਇਹ ਸਹੀ ਹੈ। ਕੀ ਇਹ ਸਹੀ ਨਹੀਂ ਹੈ? ਯਕੀਨਨ। ਤੁਸੀਂ ਇਸ ਜਗ੍ਹਾ ਤੋਂ ਨਹੀਂ ਹੋ। ਨਹੀਂ। ਤੁਸੀਂ ਆਪ ਵੀ ਪੇਟ ਦੀ ਪਰੇਸ਼ਾਨੀ ਨੂੰ ਝੱਲ ਰਹੇ ਹੋ। ਇਹ ਸਹੀ ਹੈ, ਕੀ ਇਹ ਨਹੀਂ ਹੈ? ਤੁਸੀਂ ਕਾਂਸਾਸ ਸ਼ਹਿਰ ਤੋਂ ਹੋ। ਸਭ ਠੀਕ ਹੈ। ਵਾਪਸ ਆ ਜਾਓ, ਯਿਸੂ ਮਸੀਹ ਤੁਹਾਨੂੰ ਚੰਗਾ ਕਰਦਾ ਹੈ। ਹਲਲੂਯਾਹ! ਤੁਸੀਂ ਵਿਸ਼ਵਾਸ ਕਰਦੇ ਹੋ। ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ?

161 ਪ੍ਰਭੂ ਦਾ ਦੂਤ ਇਥੇ ਹੈ, ਇਸ ਛੋਟੀ–ਛੋਟੀ ਜਿਹੀ ਔਰਤ ਉੱਤੇ ਮੰਡਰਾ ਰਿਹਾ ਹੈ, ਦਯਾਲੂ ਬਜ਼ੁਰਗ ਔਰਤ, ਇਥੇ ਬੈਠੀ ਹੋਈ ਹੈ, ਹਰਨੀਆ ਦੀ ਬਿਮਾਰੀ ਨਾਲ ਪੀੜਿਤ ਹੈ। ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਤੈਨੂੰ ਉਸ ਹਰਨੀਆ ਦੀ ਬਿਮਾਰੀ ਤੋਂ ਚੰਗਾ ਕਰੇਗਾ, ਭੈਣ? ਤੁਸੀਂ, ਜੋ ਆਪਣੀ ਟੋਪੀ ਉੱਤੇ ਲਾਲ ਫੁੱਲ ਲਗਾਏ ਹੋਏ ਹੋ, ਆਪਣੇ ਹੱਥ ਨੂੰ ਉੱਪਰ ਚੁੱਕੋ। ਸਭ ਠੀਕ ਹੈ। ਘਰ ਜਾਓ ਅਤੇ ਚੰਗੇ ਰਹੋ। ਆਮੀਨ। ਔਹ, ਇਹ ਪਰਮੇਸ਼ੁਰ ਹੈ; ਇਹ ਮਸੀਹ ਪਰਮੇਸ਼ੁਰ ਦਾ ਪੁੱਤ੍ਰ ਹੈ। ਉਹ ਮੁਰਦਿਆਂ ਵਿਚੋਂ ਜੀ ਉੱਠਿਆ। ਉਹ ਇੱਥੇ ਹੈ।

162 ਹੁਣ, ਆਪਣੇ ਹੱਥਾਂ ਨੂੰ ਇੱਕ ਦੂਏ ਤੇ ਰੱਖੋ ਅਤੇ ਪ੍ਰਾਰਥਨਾ ਦਾ ਇੱਕ ਚੰਗਾ ਸਮਾਂ ਭੇਂਟ ਕਰੋ, ਤੁਹਾਡੇ ਵਿਚੋਂ ਹਰੇਕ, ਜਦ ਮੈਂ ਕਿਸੇ ਨੂੰ ਇਥੇ ਆਉਣ ਲਈ ਕਹਿੰਦਾ ਹਾਂ। ਇਥੇ ਆਓ, ਭਾਈ। ਜੱਦ ਤੁਸੀਂ ਆਪਣੇ ਹੱਥਾਂ ਨੂੰ ਇੱਕ ਦੂਜੇ ਉਥੇ ਰਖਿਆ ਹੈ ਇਹ ਵਿਖਾਉਣ ਲਈ ਕਿ ਪਰਮੇਸ਼ੁਰ ਚੰਗਾ ਕਰਦਾ ਹੈ, ਮੇਰੇ ਕੋਲ ਵੀ ਇਥੇ ਇੱਕ ਭਰਾ ਹੈ ਜੋ ਪ੍ਰਾਰਥਨਾ ਕਰਣਗੇ। (ਅੱਗੇ ਜਾਓ। ਸਭ ਠੀਕ ਹੈ।) ਵਡਿਆਈ ਪ੍ਰਭੂ ਪਰਮੇਸ਼ੁਰ ਦੀ ਹੋਵੇ।

*ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?* PUN60-0402

(Believest Thou This?)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ 2 ਅਪ੍ਰੈਲ, 1960, ਸ਼ਨੀਵਾਰ ਨੂੰ ਮਿਉਨਸਿਪਲ ਆਡੀਟੋਰੀਅਮ, ਤੁਲਸਾ ਓਕਲਾਹੋਮਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org